# ਫੁੱਲ ਨਾ ਬਣੀਂ

ਸ਼ਾਇਰੀ

*ਇਸੇ ਕਲਮ ਤੋਂ*

- ਨਵਾਂ ਕੋਈ ਸੁਪਨਾ (**ਕਾਵਿ-ਸੰਗ੍ਰਹਿ**)
- ਦਿਲਾ ਦਰਦ ਬਥੇਰੇ (**ਕਾਵਿ-ਸੰਗ੍ਰਹਿ**)

# ਫੁੱਲ ਨਾ ਬਣੀਂ

ਜਸਵੰਤ ਸਿੰਘ ਧਾਪ

ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ-143002

**Phul Na Banni** **(Poems)**
by : Jaswant Singh Dhaap
**Mobile : 98551-45330**
**Email : dhaap1555@yahoo.com**
*Published by :*
Ravi Sahit Prakashan
**11, G.N.D.U. Shopping Complex**
**P.O. Khalsa College,**
**G.T. Road, AMRITSAR-143 002**
**Ph : 0183-2258633**
**E-Mail : ravisahitparkashan@yahoo.co.in**

**ISBN -**

ਪਹਿਲੀ ਵਾਰ : 2021
© ਲੇਖਕ
***ਪ੍ਰਕਾਸ਼ਕ :***
**ਰਵੀ ਸਾਹਿਤ ਪ੍ਰਕਾਸ਼ਨ**
11, ਗੁ. ਨਾ. ਦੇ. ਯੂਨੀ. ਸ਼ਾਪਿੰਗ ਕੰਪਲੈਕਸ
ਡਾਕ : ਖ਼ਾਲਸਾ ਕਾਲਜ, ਜੀ.ਟੀ. ਰੋਡ, ਅੰਮ੍ਰਿਤਸਰ
ਫ਼ੋਨ : 0183-2258633, ਮੋਬਾ : 94175-48132

***ਛਾਪਕ :***
ਪ੍ਰਿੰਟਵੈੱਲ, 146, ਫੋਕਲ ਪੁਆਇੰਟ, ਅੰਮ੍ਰਿਤਸਰ

*ਸਮਰਪਿਤ*

•

ਮੇਰੇ ਸਮੇਂ ਦੀਆਂ ਤਿੰਨ ਮਹਾਨ ਔਰਤਾਂ

ਸਵਰਗਵਾਸੀ **ਦਾਦੀ ਸਰਦਾਰਨੀ ਰੂੜ ਕੌਰ**

ਸਵਰਗਵਾਸੀ **ਮਾਂ ਸਰਦਾਰਨੀ ਦਾਤ ਕੌਰ**

ਤੇ

**ਸੱਸ ਮਾਂ ਸਰਦਾਰਨੀ ਹਰਭਜਨ ਕੌਰ**

ਨੂੰ

# ਤਤਕਰਾ


| | | |
|---|---|---|
| ਮੁੱਖਬੰਧ | *-ਮਲਵਿੰਦਰ* | 9 |
| ਇਸ ਵਾਰ | *-ਜਸਵੰਤ ਧਾਪ* | 11 |
| ਗ਼ਜ਼ਲਾਂ | | 13–49 |
| ਫੁੱਲ ਨਾ ਬਣੀਂ | | 50 |
| ਕਰਜ਼ਾ | | 52 |
| ਰਾਹੀਆ ਵੇ | | 54 |
| ਉਹ | | 56 |
| ਰੰਗ | | 57 |
| ਉੱਡ ਜਾ ਕਾਲਿਆ ਕਾਵਾਂ | | 58 |
| ਮੌਤ ਨਾਲ ਘੁਲਦੇ ਦੋਸਤ ਦੇ ਨਾਂ | | 62 |
| ਉਹ ਲੋਹੜੀ | | 64 |
| ਕੰਡਿਆ ਵੇ | | 66 |
| ਨਾਨਕ ਨੂੰ | | 68 |
| ਅਮਨਾਂ ਦੇ ਰਾਖਿਓ | | 70 |
| ਕੀਮਤ | | 71 |
| ਮਾਏ ਤੇਰੇ ਕਿੰਨੇ ਨਾਂ | | 73 |
| ਆੜੀ | | 75 |
| ਮੈਂ ਕੌਣ ? | | 76 |
| ਸ਼ਿਵ ਨੂੰ | | 77 |
| ਐ ਫੁੱਲ | | 78 |
| ਸਲਾਹ | | 79 |
| ਅੱਜ ਤੇ ਕੱਲ੍ਹ | | 81 |
| ਗੀਤ | | 83–88 |

# ਮੁੱਖਬੰਧ

ਬੰਦੇ ਦੇ ਸੁਭਾਅ ਦਾ ਜੇਕਰ ਕਵਿਤਾ ਨਾਲ ਕੋਈ ਰਿਸ਼ਤਾ ਹੈ ਤਾਂ ਉਹ ਛੰਦ ਬੱਧ ਕਵਿਤਾ ਦੇ ਸ਼ਾਇਰ ਜਸਵੰਤ ਧਾਪ ਦੀ ਕਵਿਤਾ ਵਿਚੋਂ ਪੜ੍ਹਿਆ ਜਾ ਸਕਦਾ ਹੈ। ਉਸਦੇ ਦੋ ਗ਼ਜ਼ਲ-ਗੀਤ ਸੰਗ੍ਰਹਿ 'ਨਵਾਂ ਕੋਈ ਸੁਪਨਾ' ਅਤੇ 'ਦਿਲਾ ਦਰਦ ਬਥੇਰੇ' ਛਪ ਚੁੱਕੇ ਹਨ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਚੱਕ ਕਰੇ ਖਾਂ ਦਾ ਵਸਨੀਕ ਜਸਵੰਤ ਧਾਪ ਆਪਣੇ ਗਰਾਈਂ ਸ਼ਾਇਰ/ਲੇਖਕ ਰਾਮ ਸਿੰਘ ਦਾ ਬਚਪਨ ਦਾ ਮਿੱਤਰ ਹੈ। ਬਚਪਨ ਵਿਚ ਗਲੀਆਂ ਗਾਹੁੰਦਿਆਂ, ਕਿਰਤ ਕਰਦਿਆਂ ਕਵਿਤਾ ਉਨ੍ਹਾਂ ਦੇ ਅੰਗ ਸੰਗ ਹੋ ਤੁਰੀ। ਇੰਝ ਦੋਹਾਂ ਦੇ ਬਚਪਨ ਵਿਚ ਬਹੁਤ ਸਾਰੀ ਕਵਿਤਾ ਸਾਹ ਲੈਂਦੀ ਰਹੀ ਹੈ। ਰਾਮ ਸਿੰਘ 'ਪਾਸ਼ੋ ਦਾ ਮੁੰਡਾ' ਕਰਕੇ ਚਰਚਾ ਵਿਚ ਹੈ। ਧਾਪ ਕਿਸੇ ਵੀ ਚਰਚਾ ਤੋਂ ਦੂਰ ਸਹਿਜ ਸ਼ਾਇਰੀ ਸਿਰਜਣ ਵਿਚ ਲੀਨ ਹੈ। ਧਾਪ ਦੀ ਕਵਿਤਾ ਨੇ ਲੋਕਾਂ ਦੇ ਮਨਾਂ ਅੰਦਰ ਲੁਕੇ ਹਨੇਰ ਨੂੰ ਪਛਾਣਿਆ ਹੈ। ਇਹ ਹਨੇਰ ਆਮ ਵਰਤਾਰਿਆਂ ਤੋਂ ਚੱਲ ਕੇ ਰਾਜਨੀਤਕ ਗਲਿਆਰਿਆਂ ਤਕ ਫੈਲਿਆ ਹੈ। ਧਾਪ ਦੀ ਕਵਿਤਾ ਹਰ ਥਾਂ ਹਨੇਰੇ ਦਾ ਪਿੱਛਾ ਕਰਦੀ ਅਤੇ ਵੰਗਾਰਦੀ ਹੈ। ਇਹ ਵੰਗਾਰਨ ਦੀ ਸੁਰ ਹੀ ਉਸਦੀ ਕਵਿਤਾ ਦੀ ਵਡੱਤਣ ਬਣਦੀ ਹੈ।

ਧਾਪ ਨੂੰ ਮਨੁੱਖੀ ਰਿਸ਼ਤਿਆਂ ਦੀ ਸ਼ਨਾਖ਼ਤ ਹੈ। ਉਸਦੀ ਇਹ ਸ਼ਨਾਖ਼ਤ ਮਾਂ ਬੋਲੀ ਨਾਲ, ਮਿੱਟੀ ਨਾਲ, ਧਰਮ ਨਾਲ ਅਤੇ ਵਤਨ ਨਾਲ ਵੀ ਭਾਵੁਕ ਰਿਸ਼ਤੇ ਜੋੜਦੀ ਹੈ। ਉਹ ਹਰ ਰਿਸ਼ਤੇ ਦੀ ਮਹੱਤਤਾ ਨੂੰ ਸਮਝਦਾ ਅਤੇ ਆਪਣੀ ਕਾਵਿ-ਸਿਰਜਣਾ ਦਾ ਹਿੱਸਾ ਬਣਾਉਂਦਾ ਹੈ। ਜਸਵੰਤ ਧਾਪ ਨੇ ਜੀਵਨ ਦੀਆਂ ਤਲਖ਼ੀਆਂ ਨੂੰ ਨੇੜਿਓਂ ਵੇਖਿਆ ਤੇ ਹੰਢਾਇਆ ਹੈ। ਜਦੋਂ ਸ਼ਾਇਰ ਦੇ ਅੰਦਰ ਇਹ ਅਹਿਸਾਸ ਕਿਤੇ ਡੂੰਘਾ ਬੈਠ ਜਾਵੇ ਕਿ ਜ਼ਿੰਦਗੀ ਹਰ ਪਲ ਹੋ ਰਿਹਾ ਹਾਦਸਾ ਹੈ ਤਾਂ ਉਸਦੀ ਸ਼ਾਇਰੀ ਦੱਬਿਆਂ, ਕੁਚਲਿਆਂ ਤੇ ਲਤਾੜਿਆਂ ਦੀ ਹੂਕ ਬਣ ਜਾਂਦੀ ਹੈ। ਅਜਿਹੀ ਸ਼ਾਇਰੀ ਪਾਠਕ ਦੇ ਦਿਲਾਂ 'ਤੇ ਰਾਜ ਕਰਦੀ ਹੈ।

ਜਸਵੰਤ ਧਾਪ ਦੀ ਸ਼ਾਇਰੀ ਉਸਦੇ ਧੀਮੇ ਸੁਭਾਅ ਵਾਂਗ ਜ਼ਿੰਦਗੀ ਪ੍ਰਤੀ ਉਸਦੀ ਪ੍ਰਤੀਬੱਧਤਾ ਨੂੰ ਸ਼ੋਰ ਰਹਿਤ ਸ਼ਬਦਾਂ ਅੰਦਰ ਢਾਲਦੀ ਹੈ । ਉਹ ਆਪਣੀ ਸ਼ਾਇਰੀ ਵਿਚ ਛੰਦ, ਬਹਿਰ, ਕਾਫ਼ੀਏ ਦੇ ਨਿਭਾਅ ਲਈ ਕੋਈ ਤਰੱਦਦ ਕਰਦਾ ਨਜ਼ਰ ਨਹੀਂ ਆਉਂਦਾ ਸਗੋਂ ਉਸਦੀ ਸ਼ਾਇਰੀ ਵਿਚਲਾ ਸਹਿਜ ਰਿਦਮ ਹੀ ਇਹ ਕਾਰਜ ਨਿਭਾਉਂਦਾ ਲੱਗਦਾ ਹੈ। ਉਸਦੀ ਸ਼ਾਇਰੀ ਸਮਕਾਲੀ ਫ਼ਿਕਰਾਂ ਦੀ ਸ਼ਾਇਰੀ ਹੈ। ਉਸਦੇ ਸ਼ੇਅਰਾਂ, ਸਤਰਾਂ ਦੀ ਉਦਾਸ ਤੱਕਣੀ ਵਿਚੋਂ ਉਸਦੀ ਸ਼ਾਇਰੀ ਦਾ ਦਰਦ ਪੜ੍ਹਿਆ ਜਾ ਸਕਦਾ ਹੈ। ‘ਫੁੱਲ ਨਾ ਬਣੀਂ’ ਉਸਦੀ ਸ਼ਾਇਰੀ ਦਾ ਅਗਲਾ ਪੜਾਅ ਹੈ।

**-ਮਲਵਿੰਦਰ**

# ਇਸ ਵਾਰ

ਹਾਲਾਤਾਂ ਦਾ ਬੜੀ ਸਮਝਦਾਰੀ ਤੇ ਬਹਾਦਰੀ ਨਾਲ ਟਾਕਰਾ ਕਰਦਿਆਂ ਵੇਖਿਆ ਮੈਂ ਆਪਣੇ ਸਮੇਂ ਦੀਆਂ ਤਿੰਨ ਮਹਾਨ ਔਰਤਾਂ ਨੂੰ। ਉਹ ਭਾਵੇਂ ਮੇਰੀ ਸਵਰਗਵਾਸੀ ਦਾਦੀ ਸਰਦਾਰਨੀ ਰੂੜ ਕੌਰ ਹੋਵੇ, ਸਵਰਗਵਾਸੀ ਮਾਂ ਸਰਦਾਰਨੀ ਦਾਤ ਕੌਰ ਹੋਵੇ ਜਾਂ ਸੱਸ ਮਾਂ ਸਰਦਾਰਨੀ ਹਰਭਜਨ ਕੌਰ ਹੋਵੇ। ਏਸੇ ਵਜ੍ਹਾ ਕਰਕੇ ਮੈਂ ਇਸ ਵਾਰ ਆਪਣਾ ਇਹ ਤੀਸਰਾ ਕਾਵਿ–ਸੰਗ੍ਰਹਿ **ਫੁੱਲ ਨਾ ਬਣੀਂ** ਸ਼ਰਧਾ ਵਜੋਂ ਸਮਰਪਿਤ ਕਰ ਰਿਹਾ ਹਾਂ ਉਨ੍ਹਾਂ ਨੂੰ। ਕਦੇ ਸਿਰ ’ਤੇ ਪਿਆਰ ਦੇ ਕੇ, ਕਦੇ ਮੋਢੇ ’ਤੇ ਹੱਥ ਰੱਖ ਕੇ ਅਤੇ ਕਦੇ ਕਲਾਵੇ ’ਚ ਲੈ ਕੇ ਅਸ਼ੀਰਵਾਦਾਂ ਦੀ ਝੜੀ ਲਗਾ ਦੇਣੀ, ਹੱਲਾਸ਼ੇਰੀਆਂ ਦੇਣੀਆਂ, ਅਭੁੱਲਣਯੋਗ ਹੈ ਸਭ ਕੁਝ।

**ਫੁੱਲ ਨਾ ਬਣੀਂ** ਵਿਚਲੀਆਂ ਰਚਨਾਵਾਂ ਦਾ ਭਾਵੇਂ ਜ਼ਿਆਦਾ ਪ੍ਰੇਰਨਾਤਮਕ ਸੰਬੰਧ ਉਨ੍ਹਾਂ ਨਾਲ ਨਹੀਂ, ਫੇਰ ਵੀ ਸਿਰਲੇਖ ਦਾ ਸੌ ਫ਼ੀਸਦੀ ਨਾਤਾ ਹੈ। ਕਈ ਵਾਰੀ ਪ੍ਰਸਥਿਤੀਆਂ ਸਾਹਮਣੇ ਕਮਜ਼ੋਰ ਪੈਣ ਦੀ ਸੂਰਤ ਵਿਚ ਇੰਜ ਲੱਗਦਾ ਹੁੰਦਾ ਜਿਵੇਂ ਮੈਨੂੰ ਕਿਹਾ ਜਾ ਰਿਹਾ ਹੋਵੇ : “ਵੇਖੀਂ ਫੁੱਲ ਨਾ ਬਣੀਂ” ਤੇ ਆਵਾਜ਼ ਤਿੰਨਾਂ ਵਿਚੋਂ ਕਦੇ ਕਿਸੇ ਦੀ ਹੁੰਦੀ ਅਤੇ ਕਦੇ ਕਿਸੇ ਦੀ ਤੇ ਮੈਂ ਆਪਣੇ ਆਪ ਨੂੰ ਤਕੜਾ ਮਹਿਸੂਸ ਕਰਨ ਲੱਗ ਪੈਨਾਂ।

ਮੁੱਖਬੰਦ ਲਈ ਮੈਂ ਪੰਜਾਬੀ ਸਾਹਿਤ ਸੰਗਮ ਅੰਮ੍ਰਿਤਸਰ ਦੇ ਜਨਰਲ ਸਕੱਤਰ ਤੇ ਪੰਜਾਬੀ ਦੇ ਸਿਰਮੌਰ ਸ਼ਾਇਰ ਮਲਵਿੰਦਰ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ। ਆਪਣੇ ਸਿਰਜਣਾਤਮਕ ਰੁਝੇਵਿਆਂ ਦੇ ਬਾਵਜੂਦ ਉਨ੍ਹਾਂ ਰਚਨਾਵਾਂ ਨੂੰ ਗੰਭੀਰਤਾ ਨਾਲ ਵਾਚਿਆ। ਵਿਸ਼ੇਸ਼ ਧੰਨਵਾਦ ਪੰਜਾਬੀ ਸਾਹਿਤ ਸੰਗਮ ਦੇ ਪ੍ਰਧਾਨ ਸਰਬਜੀਤ ਸਿੰਘ ਸੰਧੂ ਜੀ ਦਾ, ਜਿਹੜੇ ਮੈਨੂੰ ਇਸ ਸੰਗਮ ’ਚ ਲੈ ਕੇ ਆਏ ਤੇ ਸਮੇਂ ਸਮੇਂ ਮੈਨੂੰ ਆਯੋਜਿਤ ਕਾਵਿ–ਸੰਮੇਲਨਾਂ ’ਚ ਗੱਲ ਕਹਿਣ ਦਾ ਮੌਕਾ ਮਿਲਦਾ ਰਿਹਾ। ਸੰਧੂ ਸਾਹਿਬ ਗਾਹੇ–ਬਗਾਹੇ ਪੁੱਛਦੇ ਵੀ ਰਹਿੰਦੇ ਸੀ ਕਿ ਤੁਹਾਡੀ ਕਾਵਿ–ਪੁਸਤਕ ਕਦੋਂ ਆ ਰਹੀ ਹੈ। ਪੰਜਾਬੀ ਸਾਹਿਤ ਸੰਗਮ ਦੇ ਬਾਕੀ ਮੈਂਬਰ ਸਾਹਿਤਕਾਰਾਂ ਦਾ ਧੰਨਵਾਦ ਕਰਦਾ ਮੈਂ ਉਮੀਦ ਕਰਦਾ ਹਾਂ ਕਿ **ਫੁੱਲ ਨਾ ਬਣੀਂ** ਸਾਹਿਤ ਦੇ ਖੇਤਰ ਵਿਚ ਖਰੀ ਉਤਰੇਗੀ ਅਤੇ ਪਸੰਦ ਕੀਤੀ ਜਾਵੇਗੀ।

**-ਜਸਵੰਤ ਧਾਪ**

## ਗ਼ਜ਼ਲ

ਸਿੱਖ ਲੈ ਦਰਦ ਸਹਾਰਨੇ, ਹੋ ਦਿਲਾ ਮਜ਼ਬੂਤ।
ਜ਼ਿੰਦਗੀ ਪਲ ਪਲ ਹਾਦਸਾ, ਰੱਖੇ ਨਾੜਾਂ ਸੂਤ।

ਕੀ ਛਾਂਵਾਂ ਨੇ ਦੇਵਣੀ, ਧੁੱਪਾਂ ਤਾਈਂ ਮਾਤ,
ਪਿੱਪਲ ਵੱਢੇ ਕਾਫ਼ਿਰਾਂ, ਤੇ ਨਾਲੇ ਸ਼ਹਿਤੂਤ।

ਟੁੱਕਰ ਬਾਝੋਂ ਸੁੱਕਿਆ, ਪਿੰਜਰ ਹੋਇਆ ਗ਼ਰੀਬ,
ਦੌਲਤ ਲੰਘਦੀ ਨੇੜਿਓਂ, ਆਖੀ ਜਾਵੇ ਭੂਤ।

ਸੌਖਾ ਕਿੱਥੇ ਪਹੁੰਚਣਾ, ਹੰਭੇ ਲੱਖ ਫ਼ਕੀਰ,
ਤਾਰਿਆਂ ਤੱਕ ਆਕਾਸ਼ ਹੀ ਸਮਝੀ ਬੈਠਾ ਊਤ।

ਸੱਚਾ ਸੌਦਾ ਕਰਨ ਦੀ, ਨਾਨਕ ਦੱਸੀ ਜਾਚ,
ਲੋਕਾਂ ਢੀਮਾਂ ਮਾਰੀਆਂ, ਬਾਪੂ ਕਿਹਾ ਕਪੂਤ।

ਹੱਥ ਵਕਤ ਦੇ ਛਾਨਣੀ, ਛੱਟ ਛੱਟ ਲਾਵੇ ਢੇਰ,
'ਧਾਪ' ਫਿਰਾਂ ਹੰਕਾਰਿਆਂ, ਓਹਲੇ ਦੱਬ ਸਬੂਤ।

•

## .ਗ਼ਜ਼ਲ

'ਓਸ' ਤਕ ਅੱਪੜੇਗੀ ਆਖ਼ਿਰ, ਰੂਹ ਤੋਂ ਆਵਾਜ਼ ਕਰ।
ਬੈਠ ਕੇ ਵਾਂਗੂੰ ਫ਼ਕੀਰਾਂ, ਬਸ ਜ਼ਰਾ ਆਗਾਜ਼ ਕਰ।

ਮੈਂ ਕਦੋਂ ਵੇਖੇ ਪਰਿੰਦੇ, ਵੰਡਦਿਆਂ ਅਸਮਾਨ ਨੂੰ,
ਫੂਕ ਦੇ ਨਕਸ਼ੇ ਤੇ ਫੀਤੇ, ਧਰਤ ਉੱਤੇ ਨਾਜ਼ ਕਰ।

ਰਹਿਣ ਦੇ ਫ਼ਿਰਕਾਪ੍ਰਸਤੀ, ਦੋਸਤਾ ਇਨਸਾਨ ਬਣ,
ਨਾ ਉਠਾ ਉਂਗਲ ਕਿਸੇ 'ਤੇ, ਨਾ ਕੋਈ ਇਤਰਾਜ਼ ਕਰ।

ਹੌਂਸਲੇ ਤੇਰੇ 'ਚ ਦਮ ਖਮ, ਇਸ 'ਚ ਦੋ ਰਾਵਾਂ ਨਹੀਂ,
ਰੱਖ ਸਲੀਬਾਂ ਜ਼ਿਹਨ ਅੰਦਰ, ਸੱਚ ਦੀ ਪਰਵਾਜ਼ ਕਰ।

ਸ਼ੱਕ ਨਹੀਂ ਆਉਣਾ ਕਦੇ ਨਾ, ਵਲ੍ਹ ਹਕੂਮਤ ਕਰਨ ਦਾ,
ਹੈ ਮਗਰ ਦਾਅਵਾ ਮਰਾਂਗਾ, ਮੈਂ ਦਿਲਾਂ 'ਤੇ ਰਾਜ਼ ਕਰ।

'ਧਾਪ' ਫੱਟ ਡੂੰਘੇ ਤੋਂ ਡੂੰਘੇ, ਭਰਨ ਦੇ ਰੱਖਦਾ ਮਿਜ਼ਾਜ਼,
ਛੱਡ ਦਵਾ ਦਾਰੂ ਵਕਤ ਨੂੰ, ਦੋਸਤਾ ਹਮਰਾਜ਼ ਕਰ।

•

# .ਗ਼ਜ਼ਲ

ਮੈਥੋਂ ਨਾ ਖੋਵੋ ਪਰਛਾਵੇਂ।
ਮੈਂ ਤਾਂ ਹਾਲੇ ਰੱਖਣੇ ਨਾਵੇਂ।

ਧੁੱਪਾਂ ਲੂਹਿਆ ਪੱਤਾ ਪੱਤਾ,
ਟੁਰਿਆ ਸਾਂ ਪਹਿਲੀ ਹੀ ਛਾਵੇਂ।

ਕਹਿ ਦੇਣੀ ਏ ਪੀੜ ਨਿਗਾਹਾਂ,
ਕਰ ਲਓ ਸੈਆਂ ਪਰਦੇ ਭਾਵੇਂ।

ਦੱਸ ਦਿਲਾ ਕੀ ਤੈਨੂੰ ਆਖਾਂ,
ਪਹਿਲਾਂ ਆਵੇਂ ਫਿਰ ਪਛਤਾਵੇਂ।

ਸਾਨੂੰ ਵਿਸ਼ ਦੀ ਆਦਤ ਨਹੀਂਓ,
ਤੂੰ ਸੱਪਾਂ ਨਾਲ ਯਾਰੀ ਲਾਵੇਂ।

ਕਿਉਂ ਨਹੀਂ ਅੰਬਰ ਚਿੱਟਾ ਚਿੱਟਾ,
ਸੋਚਣ ਤਾਰੇ ਟਾਵੇਂ ਟਾਵੇਂ।

ਇਕ ਵੇਰਾਂ ਮੌਤਾਂ ਨੂੰ ਸੋਚੀਂ,
ਜਦ ਕਦੀ ਅਰਥੀ ਸੰਗ ਜਾਵੇਂ।

'ਧਾਪ' ਬਥੇਰੀ ਅਉਧ ਹੰਢਾਈ,
ਚੱਲ ਹੁਣ ਚੱਲੀਏ ਅਸਲੀ ਥਾਵੇਂ।

•

## .ਗ਼ਜ਼ਲ

ਜਿਸ ਦਿਆਂ ਖੰਭਾਂ ਦੀ ਫੁਰਤੀ, ਦੇ ਦਏ ਪੌਣਾਂ ਨੂੰ ਮਾਤ।
ਢੂੰਡੀਏ ਆਓ ਪਰਿੰਦਾ, ਮਾਰ ਅੰਬਰ ਤੀਕ ਝਾਤ।

ਭਰ ਲਏ ਦੁੱਧ ਦੇ ਕਟੋਰੇ, ਛੇੜ ਲਈ ਬੀਨਾਂ ਦੀ ਤਾਨ,
ਵਰਮੀਆਂ 'ਚੋਂ ਸੱਪ ਮਿਲੇ ਨਾ, ਨਾ ਮਿਲੀ ਸੱਪਾਂ ਦੀ ਜਾਤ।

ਮੈਂ ਬਥੇਰਾ ਆਖਿਆ, ਚੱਲ ਆ ਦਵਾਈ ਕਰ ਦਿਆਂ,
ਕਹਿਣ ਲੱਗਿਆ ਰਹਿਣ ਦੇ, ਇਹ ਯਾਰ ਗਹਿਰੇ ਨੇ ਆਘਾਤ।

ਤਪਸ਼ ਨੂੰ ਘੱਲੇ ਸਿਖਾ ਕੇ, ਸੂਰਜਾਂ ਸਾੜਨ ਦੇ ਗੀਤ,
ਕੀ ਹਵਾ ਭਰਦੀ ਹੁੰਗਾਰਾ, ਕੀ ਸੁਣਾਉਂਦੇ ਬਿਰਖ ਬਾਤ।

'ਧਾਪ' ਆ ਏਦਾਂ ਦੇ ਹੋਈਏ, ਚੰਨ ਅਗਰ ਦੇਵੇ ਜੁਆਬ,
ਰੌਸ਼ਨੀ ਰਾਤਾਂ ਨੂੰ ਦੇਵੇ, ਤਾਰਿਆਂ ਦੀ ਕਾਇਨਾਤ।

•

## ਗ਼ਜ਼ਲ

ਚੁੱਪ ਚੁਪੀਤੇ ਖੋਹ ਕੇ ਲੈ ਜੇ, ਢਾਣੀ ਕਾਲੇ ਕਾਵਾਂ ਦੀ।
ਗੀਂ ਗੀਂ ਕਰਕੇ ਬਾਲ ਵਰੇਸੇ, ਰੋਵੇ ਚੂਰੀ ਚਾਵਾਂ ਦੀ।

ਮੋਹਲਤ ਦੇ ਕੇ ਮਾਰਨ ਸਾਨੂੰ, ਕੌੜੇ ਸੱਚ ਹਯਾਤੀ ਦੇ,
ਭੁੱਲੀ ਵਿਸਰੀ ਬਣੀ ਕਹਾਣੀ, ਚਰਚਾ ਸ਼ੋਖ ਅਦਾਵਾਂ ਦੀ।

ਹੋ ਸਕਦਾ ਏ ਕੱਖਾਂ ਅੰਦਰ, ਹੋਣ ਬਸੇਰੇ ਨਾਗਾਂ ਦੇ,
ਨੰਗੇ ਪੈਰੀਂ ਟੁਰਨਾ ਏਥੇ, ਮੌਤ ਬਣੇ ਨਾ ਸਾਹਵਾਂ ਦੀ।

ਖੀਸੇ ਅੰਦਰ ਚਾਰ ਕੁ ਛਿਲੜ, ਪਾ ਕੇ ਟੁਰਨ ਕਚਹਿਰੀ ਨੂੰ,
ਵਰ੍ਹਿਆਂ ਜਿੱਡੀ ਲੰਮੀ ਹੋਈ, ਆਖ਼ਿਰ ਜੰਗ ਭਰਾਵਾਂ ਦੀ।

ਛੱਡੋ ਹੁਣ ਨਾ ਅੱਗ ਪਲੋਸੋ, ਚਮੜੀ ਸੜ ਜੂ ਰੂਹਾਂ ਦੀ,
ਮਸਾਂ ਮਸਾਂ ਹੁਣ ਗੱਲ ਛਿੜੀ ਹੈ, ਮਲਮਾਂ ਅਤੇ ਦਵਾਵਾਂ ਦੀ।

ਪੁਣ ਪੁਣ ਆਉਂਦਾ ਵਿਚ ਦਿਲਾਂ ਦੇ, ਚਿੱਟਾ ਲਹੂ ਸਿਆਸਤ ਦਾ,
ਆਸ ਨਾ ਰੱਖੀਂ ਹੂਕ ਸੁਣੂਗਾ, ਕੋਈ ਹੌਕੇ ਆਹਵਾਂ ਦੀ।

ਭੁੱਖਾਂ ਦੇ ਪਰਛਾਵੇਂ ਮਰਦੇ , ਇਕ ਸੂਰਜ ਦੇ ਹਾਣ ਖੁਣੋ,
ਵੱਡਿਆਂ ਢਿੱਡਾਂ ਕਾਬੂ ਕੀਤੀ, ਧੁੱਪ ਸਾਰੀਆਂ ਛਾਵਾਂ ਦੀ।

ਕੋਸ਼ਿਸ਼ ਕਰ ਲੈ ਜਿੰਨੀ ਮਰਜ਼ੀ, ਹੰਭ ਜਾਣਾ ਏ ਆਖ਼ਿਰ ਤੂੰ,
ਏਨਾ ਕੰਮ ਸੁਖਾਲਾ ਨਈਂਓ, ਲੱਭਣੀ ਨਬਜ਼ ਹਵਾਵਾਂ ਦੀ।

ਡੂੰਘੇ ਡੂੰਘੇ ਟੋਏ ਸ਼ੈਆਂ, ਭੇਦ ਛੁਪਾਈ ਬੈਠੇ ਨੇ,
ਇਕ ਦਿਨ ਤਾਕਤ ਪਰਖੀ ਜਾਣੀ, 'ਧਾਪ' ਤੇਰੀਆਂ ਬਾਹਵਾਂ ਦੀ।

•

## .ਗ਼ਜ਼ਲ

ਚਲੋ ਯਾਰ ਟੁਰੀਏ ਉਜਾਲੇ ਉਜਾਲੇ।
ਨਹੀਂ ਪੈਰ ਵਾਕਿ.ਫ਼ ਹਨੇਰੇ ਤੋਂ ਹਾਲੇ।

ਅਸੀਂ ਹਾਰ ਫੁੱਲਾਂ ਦੇ ਲੈ ਕੇ ਖੜੇ ਆਂ,
ਤੁਸੀਂ ਲੈ ਕੇ ਆਏ ਓ ਨੇਜੇ ਤੇ ਭਾਲੇ।

ਸਮਝ ਲਓ ਏਨਾ .ਗ਼ਨੀਮਤ ਹੈ ਯਾਰੋ,
ਅਗਰ ਲੇਖ ਕਾਲੇ ਨੇ ਦਿਲ ਵੀ ਨੇ ਕਾਲੇ।

ਨਹੀਂ ਰੋਗ ਸਾਡਾ ਕੋਈ ਟੋਲ ਸਕਿਆ,
ਸਭੇ ਹਾਰ ਥੱਕੇ ਨਬਜ਼ ਟੋਹਣ ਵਾਲੇ।

ਓਦੋਂ ਈ ਪਰੇਸ਼ਾਨ ਹੋਈਆਂ ਨੇ ਰੂਹਾਂ,
ਜਦੋਂ 'ਧਾਪ' ਆਏ ਉਮੀਦਾਂ ਤੇ ਜਾਲੇ।

•

# .ਗ਼ਜ਼ਲ

ਰੋ ਰਹੇ ਬਾਲਾਂ ਦੇ ਵਾਂਗੂੰ, ਚੁੱਪ ਕਰਾਵਾਂ ਕਿਸ ਤਰ੍ਹਾਂ।
ਸਿਸਕਦੇ ਗੀਤਾਂ ਨੂੰ ਯਾਰੋ, ਮੈਂ ਵਰਾਵਾਂ ਕਿਸ ਤਰ੍ਹਾਂ।

ਖੇਡਦੇ ਨੇ ਖੇਡ ਗੁੰਗੀ , ਕੁੱਝ ਮੇਰੇ ਰਿਸ਼ਤੇ ਕਰੀਬ,
ਤੋੜ ਕੇ ਚੱਕਰਵਿਊ, ਨਜ਼ਦੀਕ ਜਾਵਾਂ ਕਿਸ ਤਰ੍ਹਾਂ।

ਜ਼ੋਰ ਹੈ ਕਾਤਿਲ ਹਵਾ ਦਾ, ਖਿੰਡ ਰਹੀ ਕਾਇਨਾਤ ਹੈ,
ਸੋਚਦਾ ਹਾਂ ਬਹੁਤ ਕੁੱਝ, ਕਰਕੇ ਦਿਖਾਵਾਂ ਕਿਸ ਤਰ੍ਹਾਂ।

ਚੁੱਪ ਹੈ ਸ਼ਮਸ਼ਾਨ ਦੀ, ਬੰਦਾ ਹੈ ਨਾ ਬੰਦੇ ਦੀ ਜਾਤ,
ਰਹਿਣ ਲਈ ਏਥੇ ਭਲਾ, ਕੁਟੀਆ ਬਣਾਵਾਂ ਕਿਸ ਤਰ੍ਹਾਂ।

ਕੀ ਪਤਾ ਉਨ੍ਹਾਂ ਦੀ ਹੋਵੇ, ਆਖ਼ਰੀ ਏਹੋ ਉਮੀਦ,
ਨੇਰ੍ਹਿਆਂ ਦੇ ਸ਼ਹਿਰ 'ਚੋਂ, ਦੀਵਾ ਚੁਰਾਵਾਂ ਕਿਸ ਤਰ੍ਹਾਂ।

'ਧਾਪ' ਉਹ ਦਾਅਵਾ ਕਰੀ, ਬੈਠੇ ਸਿਆਣੇ ਹੋਣ ਦਾ,
ਝੂਠ ਤੋਂ ਪਰਦਾ ਉਠਾਵਾਂ, ਤਾਂ ਉਠਾਵਾਂ ਕਿਸ ਤਰ੍ਹਾਂ।

•

# .ਗ਼ਜ਼ਲ

ਕੀਤਾ ਹੈ ਮੈਨੂੰ ਗ਼ਮਜ਼ਦਾ ਤੇਰੇ ਫ਼ਿਰਾਕ ਨੇ।
ਤਨਹਾਈਆਂ ਦੇ ਦੌਰ ਕਿੰਨੇ ਦਰਦਨਾਕ ਨੇ।

ਕਰਦੇ ਨੇ ਗੱਲਾਂ ਮੇਰੀਆਂ ਮੇਰੇ ਤੋਂ ਜਾ ਪਰੇ,
ਮੇਰੇ ਹਬੀਬ ਖ਼ੈਰਖਾਹ ਕਿੰਨੇ ਚਾਲਾਕ ਨੇ।

ਕੁਝ ਰਿਸ਼ਤਿਆਂ ਨੂੰ ਰੌਂਦ ਕੇ ਅਸਮਾਨ ਹੋ ਗਏ,
ਕੁਝ ਰਿਸ਼ਤਿਆਂ ਨੂੰ ਪਾਲਦੇ ਹੋ ਗਏ ਖਾਕ ਨੇ।

ਆਪੇ ਹੀ ਦਿਲ ਤੋੜਦਾਂ ਆਪੇ ਹੀ ਜੋੜਦਾਂ,
ਕਿੰਨੇ ਹਸੀਨ ਦੋਸਤਾ ਤੇਰੇ ਮਜ਼ਾਕ ਨੇ।

ਕਰਦੀ ਹੈ 'ਧਾਪ' ਇਸ ਤਰ੍ਹਾਂ ਪੱਖਪਾਤ ਜ਼ਿੰਦਗੀ,
ਕੁਝ ਲੋਕ ਪਰੇਸ਼ਾਨ ਨੇ ਕੁਝ ਠੀਕ ਠਾਕ ਨੇ।

•

# .ਗ਼ਜ਼ਲ

ਦਿਲ ਦੇ ਜ਼ਖ਼ਮਾਂ 'ਤੇ ਕਿਸੇ ਨੇ, ਮਲਮ ਨਾ ਲਾਈ ਕਦੇ।
ਜ਼ਿੰਦਗੀ ਮਹਿਬੂਬ ਜੇਹੀ, ਮੈਂ ਨਹੀਂ ਪਾਈ ਕਦੇ।

ਉਡਦੀਆਂ ਸੋਚਾਂ ਦੇ ਪਿੱਛੇ, ਦੌੜਿਆ ਕਾਫ਼ੀ ਮਗਰ,
ਸੁਫ਼ਨਿਆਂ ਦੀ ਰਹਿਨੁਮਾਈ, ਰਾਸ ਨਾ ਆਈ ਕਦੇ।

ਬਹੁਤ ਸੀ ਖ਼ਾਹਿਸ਼ ਟੁਰਾਂਗਾ, ਆਦਮੀ ਦੀ ਟੋਰ ਮੈਂ,
ਖੜ ਗਏ ਰਾਹਾਂ 'ਚ ਆ, ਪਰਬਤ ਕਦੇ ਖਾਈ ਕਦੇ।

ਵੇਖ ਲਉ ਕੀ ਹਸ਼ਰ ਹੋਇਆ, ਉਸ ਅਧੂਰੀ .ਗ਼ਜ਼ਲ ਦਾ,
ਨਾ ਹੋਈ ਪੂਰੀ ਕਦੇ ਜੋ, ਨਾ ਗਈ ਗਾਈ ਕਦੇ।

ਰਹਿ ਗਿਆ ਕਰਦਾ ਉਡੀਕਾਂ, ਗੁਲਸਤਾਂ ਮਨ ਦਾ ਮਿਰੇ,
ਇਕ ਵੇਰਾਂ ਪਰਤੀ ਫ਼ਿਜ਼ਾ ਜੋ, ਲੌਟ ਨਾ ਆਈ ਕਦੇ।

'ਧਾਪ' ਕੀ ਦੇਵਾਂ ਤਸੱਲੀਆਂ, ਹੁਣ ਮੈਂ ਆਪਣੇ ਆਪ ਨੂੰ,
ਸਾਹਮਣੇ ਅੱਜ ਵੀ ਹੈ ਓਵੇਂ, ਗਰਦ ਜੋ ਛਾਈ ਕਦੇ।

•

## .ਗ਼ਜ਼ਲ

ਲੂੰਮੜੀਆਂ ਦਾ ਏਥੇ ਰੈਣ ਬਸੇਰਾ ਹੈ।
ਮੇਮਣਿਆਂ ਤੋਂ ਸੱਖਣਾ ਭਾਰਤ ਮੇਰਾ ਹੈ।

ਨਜ਼ਰਾਂ ਦੇ ਕੰਪਿਊਟਰ ਤਾੜਨ ਵਿਚ ਪਲਾਂ,
ਕਿਸ ਖੀਸੇ ਦੇ ਅੰਦਰ ਮਾਲ ਬਥੇਰਾ ਹੈ।

ਕੀਹਦੇ ਕੀਹਦੇ ਉੱਤੇ ਉਂਗਲ ਰੱਖੋਗੇ,
ਚਿੱਕੜ ਦੇ ਨਾਲ ਲਥਪਥ ਚਾਰ ਚੁਫ਼ੇਰਾ ਹੈ।

ਘੁਸਰ ਮੁਸਰ ਦਾ ਮਤਲਬ ਕੱਢਣਾ ਔਖਾ ਨਈਂ,
ਅੱਧਾ ਹਿੱਸਾ ਤੇਰਾ ਅੱਧਾ ਮੇਰਾ ਹੈ।

ਲਮਕ ਰਹੀ ਨਹੀਂ ਐਵੇਂ ਗੋਗੜ ਨੇਤਾ ਦੀ,
ਉਸ ਦੇ ਅੰਦਰ ਰਿਸ਼ਵਤਖੋਰ ਲਵੇਰਾ ਹੈ।

'ਧਾਪ' ਟੁਰੀ ਜਾ ਫੱਕਰਾਂ ਵਾਲੀ ਚਾਲੇ ਤੂੰ,
ਹੁੰਦਾ ਹਰ ਦੀਵੇ ਦੇ ਹੇਠ ਹਨੇਰਾ ਹੈ।

•

# ਗ਼ਜ਼ਲ

ਮਰ ਰਿਹਾ ਹਾਂ ਰੋਜ਼ ਕਿੰਨੀ ਵਾਰ ਮੈਂ।
ਸ਼ੋਹਦਿਆਂ ਵਾਂਗੂੰ ਜ਼ਮੀਰਾਂ ਮਾਰ ਮੈਂ।

ਦੋਸਤੋ 'ਲਜਾ' ਲਿਖਾਂ ਮੁਮਕਿਨ ਨਹੀਂ,
ਵਕਤ ਤੋਂ ਜਾਣਾ ਅਖ਼ੀਰੀ ਹਾਰ ਮੈਂ।

ਨਾ ਦਵੋ ਇਨਸਾਨ ਦਾ ਮੈਨੂੰ ਖ਼ਿਤਾਬ,
ਧਰਮ ਤੇ ਮਜ਼ਹਬ ਦਾ ਠੇਕੇਦਾਰ ਮੈਂ।

ਮੇਰੀਆਂ ਨਾੜਾਂ 'ਚ ਚਿੱਟਾ ਖ਼ੂਨ ਹੈ,
ਨਾ ਕਿਸੇ ਦਾ ਮਿੱਤ ਹਾਂ ਨਾ ਯਾਰ ਮੈਂ।

ਆਖ ਸੱਚਾ ਨਾ ਕਰੋ ਸ਼ਰਮਿੰਦਿਆਂ,
'ਧਾਪ' ਹਾਂ ਝੂਠਾਂ ਦਾ ਪਹਿਰੇਦਾਰ ਮੈਂ।

•

## .ਗ਼ਜ਼ਲ

ਸ਼ੌਕ ਸੋਹਣਾ ਜਨਾਬ ਰੱਖਦੇ ਓ।
ਜ਼ਖ਼ਮ ਦੇ ਕੇ ਹਿਸਾਬ ਰੱਖਦੇ ਓ।

ਦੇ ਨਸੀਹਤ ’ਤੇ ਨਸੀਹਤ ਸਾਨੂੰ,
ਆਪ ਨੀਅਤ ਖ਼ਰਾਬ ਰੱਖਦੇ ਓ।

ਕੋਈ ਭਾਸ਼ਾ ਨਾ ਪੜ੍ਹ ਲਵੇ ਕਿਧਰੇ,
ਓੜ ਚੇਹਰੇ ਨਕਾਬ ਰੱਖਦੇ ਓ।

ਹਾਲੇ ਮੁੱਕੀ ਨਾ ਪਿਆਸ ਆਸ਼ਕਾਂ ਦੀ,
ਸਾਡੇ ਸਾਹਵੇਂ ਸ਼ਰਾਬ ਰੱਖਦੇ ਓ।

ਚਾਰ ਦਿਨ ਦੀ ਹੈ ‘ਧਾਪ’ ਜ਼ਿੰਦਗਾਨੀ,
ਐਵੇਂ ਮਹਿਲਾਂ ਦੇ ਖ਼ਾਬ ਰੱਖਦੇ ਓ।

•

## .ਗ਼ਜ਼ਲ

ਵਿਗੜ ਗਏ ਸਭ ਤੌਰ ਤਰੀਕੇ, ਵਿਗੜ ਗਈ ਦੁਨੀਆਂ ਦੀ ਚਾਲ।
ਨਾ ਕੋਈ ਸਾਂਝੀ ਖ਼ੁਸ਼ੀ 'ਚ ਬਣਦਾ, ਨਾ ਕੋਈ ਦੁੱਖਾਂ ਵਿਚ ਭਿਆਲ।

ਰੋਜ਼ ਦਿਹਾੜੀ ਮੰਡੀ ਲੱਗੇ, ਵਿਚ ਚੌਰਾਹੇ ਗੋਸ਼ਤ ਦੀ,
ਚੋਰ ਸਿਪਾਹੀ ਗਾਹਕ ਬਣ ਕੇ, ਮਾਲ ਖ਼ਰੀਦਣ ਨਾਲੋ ਨਾਲ।

ਅੱਜ ਵੀ ਭਿੱਟੇ ਜਾਣ ਦੇ ਡਰ ਤੋਂ, ਕਰੇ ਕਿਨਾਰਾ ਉੱਚੀ ਜਾਤ,
ਆਖਣ ਨੂੰ ਉਂਜ ਮੇਰੇ ਪਿੰਡ 'ਚ, ਜਾਤ ਪਾਤ ਨਾ ਰਹੀ ਰਵਾਲ।

ਸਿੱਖ ਲੈ ਚੱਜ ਆਚਾਰ ਜੀਣ ਦਾ, ਵਰਤਮਾਨ ਵਿਚ ਜੀਣਾ ਜੇ,
ਜੀਭ ਦੇ ਉੱਤੇ ਤਾਲੇ ਲਾ ਲੈ, ਕੰਨਾਂ ਅੰਦਰ ਸਿੱਕੇ ਢਾਲ।

ਅਜਗਰ ਖਿੱਚਣ ਸਾਹ ਨਾਲ ਅੰਦਰ, ਨਿੱਕੇ ਮੋਟੇ ਜੀਵਾਂ ਨੂੰ,
ਵੱਸਦੇ ਰਸਦੇ ਸ਼ਹਿਰਾਂ ਅੰਦਰ, ਹੋਏ ਜੰਗਲ ਵਾਲੇ ਹਾਲ।

ਧੁੱਪਾਂ ਕੀਤੀ ਸੂਹੀ ਸੂਹੀ, ਰੰਗਤ ਤੇਰੇ ਚਿਹਰੇ ਦੀ,
ਮੈਨੂੰ ਲੱਗਿਆ ਇਸ਼ਕ ਹੋਇਆ ਫਿਰ, ਲਾਲ ਲਹੂ ਨੂੰ ਤੇਰੇ ਨਾਲ।

'ਧਾਪ' ਉਠਾਵੀਂ ਡਿੱਗਿਆਂ ਤਾਈਂ, ਮਾਣ ਕਰੀਂ ਨਾ ਸ਼ਮਲੇ ਦਾ,
ਓਹੀਓ ਬੰਦਾ ਵੱਡਾ ਹੁੰਦਾ, ਹੁੰਦਾ ਜੀਹਦਾ ਦਿਲ ਵਿਸ਼ਾਲ।

•

## .ਗ਼ਜ਼ਲ

ਆ ਮੇਰੀ ਦਹਿਲੀਜ਼ ’ਤੇ ਮੁੜ ਲੌਟ ਜਾਇਆ ਕਰਨਗੇ।
ਹਾਸਿਆਂ ਦੇ ਕਾਫ਼ਲੇ ਨਾ ਮੂੰਹ ਦਿਖਾਇਆ ਕਰਨਗੇ।

ਬੇਵਜ੍ਹਾ ਹਿਰਖਾਂ ਨੂੰ ਕੋਈ ਕੋਸਦਾ ਮਰ ਜਾਏਗਾ,
ਬੇਵਜ੍ਹਾ ਮਿੱਟੀ ’ਤੇ ਲੋਕੀ ਸਿਰ ਝੁਕਾਇਆ ਕਰਨਗੇ।

ਦਿਲ ਦੀਆਂ ਨੀਹਾਂ ’ਚ ਦਫ਼ਨ ਨਫ਼ਰਤਾਂ ਦੇ ਹੌਂਸਲੇ,
ਗਿਰਗਿਟਾਂ ਦੇ ਸ਼ਹਿਰ ’ਚੋਂ ਪਾਣੀ ਮੰਗਾਇਆ ਕਰਨਗੇ।

ਹੌਕਿਆਂ ਦੀ ਭੀੜ ਨੂੰ ਕਹਿ ਇਸ਼ਕ ਦੀ ਕੋਈ ਕਿਸਮ,
ਇਸ਼ਕ ਨੂੰ ਬਦਨਾਮ ਕਰ ਪੱਥਰ ਉਠਾਇਆ ਕਰਨਗੇ।

ਦਰਦਮੰਦ ਹੋਣ ਦਾ ਚਿਹਰੇ ਲਿਬਾਸ ਪਹਿਨ ਕੇ,
ਚੁੱਪ ਚੁਪੀਤੇ ਰਾਤ ਨੂੰ ਦਾਅਵਤ ਖੁਆਇਆ ਕਰਨਗੇ।

ਵਿਲਕਦੇ ਨੈਣਾਂ ਦੇ ਹੰਝੂ ਪੂੰਝਣਾ ਪਾਸੇ ਰਿਹਾ,
ਬੇਵਕਤ ਬੇਗ਼ਾਨਗੀ ਦੇ ਗੀਤ ਗਾਇਆ ਕਰਨਗੇ।

‘ਧਾਪ’ ਤੇਰੀ ਸੋਚ ਨੂੰ ਮੁਰਦਾਰ ਮੌਸਮ ਖਾਣਗੇ,
ਇਕ ਮਹਿਜ਼ ਨਗ਼ਮੇ ਤਿਰੇ ਮਾਤਮ ਮਨਾਇਆ ਕਰਨਗੇ।

•

## ਗ਼ਜ਼ਲ

ਗ਼ਮ ਪਰਛਾਵੇਂ ਵਾਂਗੂੰ ਮੇਰੇ ਨਾਲ ਟੁਰੇ।
ਘਟਦਾ ਵਧਦਾ ਚੰਦਰਮਾ ਦੀ ਚਾਲ ਟੁਰੇ।

ਜਦ ਵੀ ਨਿਤਰਨ ਲੱਗੀ ਏ ਆਸਾਂ ਦੀ ਲੋਅ,
ਕਿੰਨੇ ਸੰਗੀ ਸਾਥੀ ਦਰਦ ਹੰਗਾਲ ਟੁਰੇ।

ਉਸ ਨੇ ਕਰਨਾ ਅੱਥਰੂਆਂ ਦਾ ਆਦਰ ਕੀ,
ਜਿਹੜਾ ਅੱਖਾਂ ਅੰਦਰ ਪੱਥਰ ਢਾਲ ਟੁਰੇ।

ਓਨਾ ਚਿਰ ਨਾ ਮੰਜ਼ਿਲ ਮਿਲਦੀ ਰੀਝਾਂ ਦੀ,
ਜਿੰਨਾ ਚਿਰ ਨਾ ਕੋਈ ਰਾਤਾਂ ਗਾਲ ਟੁਰੇ।

ਰੀਂਗ ਰੀਂਗ ਕੇ ਟੁਰਨਾ ਮੈਨੂੰ ਦੱਸਦੇ ਰਹੇ,
ਫਿਰ ਵੀ ਮੇਰੀ ਹਿੰਮਤ ਲਈ ਮਿਸ਼ਾਲ ਟੁਰੇ।

ਕਾਹਨੂੰ ਕਹਿਣਾ ਮੰਦਾ ਚੰਗਾ ਉਨ੍ਹਾਂ ਨੂੰ,
'ਧਾਪ' ਹਯਾਤੀ ਖ਼ਬਰੇ ਕਿਸ ਪਲ ਟਾਲ ਟੁਰੇ।

•

# .ਗ਼ਜ਼ਲ

ਜਿਥੋਂ ਸਾਨੂੰ ਮਾਰਾਂ ਪਈਆਂ ਕਹਿਰ ਦੀਆਂ।
ਖਾਹਸ਼ਾਂ ਨਾ ਰਹੀਆਂ ਉਸ ਤੇਰੇ ਸ਼ਹਿਰ ਦੀਆਂ।

ਅਗਲਵਾਂਢੀ ਹੋ ਕੇ ਜਿਹੜੇ ਮਿਲਦੇ ਸੀ,
ਅੱਜ ਉਠਾਈਆਂ ਕਸਮਾਂ ਉਨ੍ਹਾਂ ਵੈਰ ਦੀਆਂ।

ਅੱਗ ਬਬੂਲਾ ਕਾਹਨੂੰ ਹੁੰਦੇ ਫਿਰਦੇ ਓ,
ਆਪੂੰ ਜਣਕੇ ਘੜੀਆਂ ਕਾਲੇ ਪਹਿਰ ਦੀਆਂ।

ਉਸ ਵੇਲੇ ਹੀ ਪਾਸੇ ਪੁੱਠੇ ਪੈਂਦੇ ਨੇ,
ਜਦ ਵਿਰਲਾਂ ਪਾ ਜਾਵਣ ਨਜ਼ਰਾਂ .ਗੈਰ ਦੀਆਂ।

ਸਾਡਾ ਕੀ ਜਾਵੇਗਾ ਜੇ ਮਰ ਜਾਵਾਂਗੇ,
ਰਹਿਣਗੀਆਂ ਪੌਣਾਂ ਵਿਚ ਸਤਰਾਂ ਤੈਰ ਦੀਆਂ।

ਉਹ ਵੀ ਤਾਂ ਮਿੱਤਰਾਂ ਦੀ ਢਾਣੀ ਵਿਚੋਂ ਸੀ,
ਜੀਹਨੇ ਦਿੱਤੀਆਂ ਪੁੜੀਆਂ ਮਿੱਠੀ ਜ਼ਹਿਰ ਦੀਆਂ।

ਏਸ ਜਗ੍ਹਾ ਤੋਂ ਪਾਣੀ ਦਾ ਰੁੱਖ ਮੋੜ ਦਿਓ,
ਇਸ ਨੂੰ ਕਿੱਥੇ ਸਾਰਾਂ ਪੈਂਦੀ ਗਹਿਰ ਦੀਆਂ।

'ਧਾਪ' ਰਹੇ ਨਾ ਸਾਹ ਸਤ ਮੇਰਿਆਂ ਗੀਤਾਂ 'ਚ,
ਕਿੰਜ ਦੁਆਵਾਂ ਮੰਗਾਂ ਸਭ ਦੀ ਖ਼ੈਰ ਦੀਆਂ।

•

# ਗ਼ਜ਼ਲ

ਹਾਦਸਿਆਂ ਤੋਂ ਡਰ ਜਾਂਦੇ ਹਾਂ।
ਅਕਸਰ ਅੰਦਰੋਂ ਮਰ ਜਾਂਦੇ ਹਾਂ।

ਰੱਬ ਨੂੰ ਜਾਣ ਮਸੀਤੀਂ ਮੰਦਿਰ,
ਝਾੜੂ ਪੋਚੇ ਕਰ ਜਾਂਦੇ ਹਾਂ।

ਰੁੱਸ ਨਾ ਜਾਣ ਲਕੀਰਾਂ ਕਿਧਰੇ,
ਜਿੱਤੀ ਬਾਜੀ ਹਰ ਜਾਂਦੇ ਹਾਂ।

ਬੇਸ਼ਕ ਬਿਰਖ ਹਾਂ ਕੱਲੇ ਕਾਰੇ,
ਝੱਖੜ ਝਾਂਬੇ ਜਰ ਜਾਂਦੇ ਹਾਂ।

ਗ਼ਮ ਦੇ ਸਾਗਰ ਡੂੰਘੇ ਯਾਰੋ,
ਡੁੱਬਦੇ ਡੁੱਬਦੇ ਤਰ ਜਾਂਦੇ ਹਾਂ।

'ਧਾਪ' ਅਸਾਡੀ ਸੋਚ ਹੈ ਏਨੀ,
ਰਾਤਾਂ ਪਰਖਣ ਘਰ ਜਾਂਦੇ ਹਾਂ।

•

# .ਗ਼ਜ਼ਲ

ਜ਼ਿੰਦਗਾਨੀ ਕੀ ਤੇਰੀ ਮੇਰੀ।
ਬਸ ਜੂਨਾਂ ਦੀ ਘੁੰਮਣਘੇਰੀ।

ਨਾ ਦਓ ਯਾਰ ਦੁਆਵਾਂ ਮੈਨੂੰ,
ਕੀ ਕਰਨੀ ਏ ਉਮਰ ਲੰਮੇਰੀ।

ਦਿਲ ਦਾ ਸਾਥ ਨਿਭਾਊ ਕਿੰਨਾ,
ਪੀੜ ਵਿਚਾਰੀ ਬੁਢੜੀ ਠੇਰੀ।

ਓਥੇ ਦੇਰ ਅੰਧੇਰ ਨਹੀਂ ਏ,
ਮੇਰੀ ਵਾਰੀ ਕੀਕਣ ਦੇਰੀ।

ਏਸ ਜਨਮ ਖਾਤੇ ਮਿਟ ਜਾਵਣ,
ਨਾ ਲਾਉਣੀ ਪਏ ਅਗਲੀ ਫੇਰੀ।

'ਧਾਪ' ਕਲਮ ਤੋਂ ਮੁੱਖ ਨਾ ਫੇਰੀਂ,
ਕਵਿਤਾ ਲਿਖਣੀ ਹੋਰ ਬਥੇਰੀ।

•

## .ਗ਼ਜ਼ਲ

ਬਾਤ ਪਾਈ ਸੀ ਮੈਂ ਤਾਂ ਹੁੰਗਾਰੇ ਲਈ।
ਤੇਰੀ ਚੁੱਪ ਲੜਖੜਾਈ ਸਹਾਰੇ ਲਈ।

ਤੇਰੇ ਵਾਅਦੇ ’ਤੇ ਕਾਹਦਾ ਗਿਲਾ ਦੋਸਤਾ,
ਮੈਂ ਤਰਸਦਾ ਰਿਹਾ ਤੇਰੇ ਲਾਰੇ ਲਈ।

ਲੋਕ ਲਿਖਦੇ ਸਦਾ ਗੀਤ ਅੰਬਰ ਲਈ,
ਕੌਣ ਲਿਖਦਾ ਏ ਟੁੱਟੇ ਸਿਤਾਰੇ ਲਈ।

ਕੀਹਨੂੰ ਦੱਸਣਾ ਏ ਦੁੱਖੜਾ ਨਦੀ ਹੋਣ ਦਾ,
ਜਦ ਸਮੁੰਦਰ ਹੀ ਵਿਲਕੇ ਕਿਨਾਰੇ ਲਈ।

ਮੈਨੂੰ ਧੜਕਣ ’ਤੇ ਆਪਣੀ ਭਰੋਸਾ ਨਹੀਂ,
ਕੀ ਦੁਆਵਾਂ ਕਰਾਂ ਦਿਲ ਵਿਚਾਰੇ ਲਈ।

ਰਹਿਣ ਦੇ ‘ਧਾਪ’ ਹੋ ਨਾ ਮੇਹਰਬਾਨ ਤੂੰ,
ਦੋ ਕੁ ਹੰਝੂ ਬਹੁਤ ਨੇ ਗੁਜ਼ਾਰੇ ਲਈ।

•

## ਗ਼ਜ਼ਲ

ਜਾਣਦੇ ਆਂ ਅਸੀਂ ਕਿ ਫ਼ਜ਼ੂਲ ਤੇਰਾ ਸ਼ਹਿਰ ਹੈ।
ਤਾਂ ਵੀ ਸਾਨੂੰ ਦੋਸਤਾ ਕਬੂਲ ਤੇਰਾ ਸ਼ਹਿਰ ਹੈ।

ਏਸ ਦੇ ਕਾਨੂੰਨ ਦੀ ਕਿਤਾਬ ਹੀ ਅਜੀਬ ਹੈ,
ਦਿਲਾਂ ਕੋਲੋਂ ਮੰਗਦਾ ਮਸੂਲ ਤੇਰਾ ਸ਼ਹਿਰ ਹੈ।

ਮੰਗਣ ਦੁਆਵਾਂ ਦੱਸ ਕਿੰਝ ਏਹਦੇ ਵਾਸਤੇ,
ਆਸ਼ਕਾਂ ਦੇ ਸੀਨਿਆਂ 'ਚ ਸੂਲ ਤੇਰਾ ਸ਼ਹਿਰ ਹੈ।

ਫਲੀਆਂ ਕੁਸੈਲੀਆਂ ਤੇ ਫੁੱਲ ਮਹਿਕੋਂ ਸੱਖਣੇ,
ਕੰਡਿਆਂ ਦਾ ਬਿਰਖ ਬਬੂਲ ਤੇਰਾ ਸ਼ਹਿਰ ਹੈ।

'ਧਾਪ' ਏਦੂੰ ਵੱਧ ਦਵਾਂ ਹੋਰ ਸਤਿਕਾਰ ਕੀ,
ਜੀਣ ਲਈ ਮੰਨਿਆ ਅਸੂਲ ਤੇਰਾ ਸ਼ਹਿਰ ਹੈ।

•

# ਗ਼ਜ਼ਲ

ਉਹ ਯਾਰ ਨੈਣਾਂ ਨੂੰ ਪਰਵਾਨ ਹੁੰਦਾ ਏ।
ਜੋ ਯਾਰ ਦੀ ਖ਼ਾਤਰ ਕੁਰਬਾਨ ਹੁੰਦਾ ਏ।

ਕੀ ਦੋਸਤੋ ਦੇਵਾਂ ਮੈਂ ਦਿਲ ਦੀ ਪਰਿਭਾਸ਼ਾ,
ਇਹ ਕੁਝ ਨਹੀਂ ਹੁੰਦਾ ਅਰਮਾਨ ਹੁੰਦਾ ਏ।

ਕਾਹਨੂੰ ਸਮਝਦੇ ਓ ਉਹਨੂੰ ਮਮੂਲੀ ਸ਼ੈਅ,
ਉਹ ਕਹਿ ਗਏ ਬਿਰਹਾ ਸੁਲਤਾਨ ਹੁੰਦਾ ਏ।

ਪੱਥਰ ਉਠਾਣਾ ਨਾ ਸੰਗਸਾਰ ਕਰਨੇ ਨੂੰ,
ਆਸ਼ਕ ਤਾਂ ਮੂਲੋਂ ਹੀ ਬੇਜਾਨ ਹੁੰਦਾ ਏ।

ਕੀ ਹੱਕ ਜਤਾਣਾ ਏ ਧਰਤੀ ਜਹੇ ਬੰਦੇ,
ਚੰਨ ਤਾਰਿਆਂ ਦਾ ਹੀ ਅਸਮਾਨ ਹੁੰਦਾ ਏ।

ਦਿਨ ਰਾਤ ਜੁੜਦੇ ਨੇ ਸੋਚਾਂ ਦੇ ਪਰਛਾਵੇਂ,
ਗ਼ਮ ਨਾਲ ਏਨਾ ਕੁ ਨੁਕਸਾਨ ਹੁੰਦਾ ਏ।

ਜਦ ਪੈਰ ਰੱਖਦੇ ਆਂ ਹੋਰਾਂ ਦੇ ਪੈਰਾਂ ’ਤੇ,
ਫਿਰ ਆਖ਼ਰੀ ਦਮ ’ਤੇ ਈਮਾਨ ਹੁੰਦਾ ਏ।

ਕਿਉਂ ‘ਧਾਪ’ ਲੱਭਦੇ ਓ ਔਕਾਤ ’ਚੋਂ ਮੋਤੀ,
ਏਧਰ ਤਾਂ ਰੋੜਾਂ ਦਾ ਇਮਕਾਨ ਹੁੰਦਾ ਏ।

•

## .ਗ਼ਜ਼ਲ

ਕਾਹਦੀ ਸਾਡੀ ਨੀਂਦ ਕਾਹਦੇ ਚੈਨ ਤੇ ਕਰਾਰ ਨੇ।
ਇੱਕੋ ਜਹੇ ਆਸ਼ਕਾਂ ਅਦੀਬਾਂ ਦੇ ਦਿਹਾਰ ਨੇ।

ਬੰਦਾ ਮੁੱਕ ਜਾਂਦਾ ਨਾ ਤਲਾਸ਼ ਕਦੇ ਮੁੱਕਦੀ,
ਰੱਬ ਦੇ ਨੇਤਾਵਾਂ ਵਾਂਗੂੰ ਕਠਿਨ ਦੀਦਾਰ ਨੇ।

ਆਪੇ ਬੰਨ੍ਹ ਬੰਨ ਲਈਏ ਪਿੰਡ ਰੁੜ ਜਾਏ ਨਾ,
ਮਤੇ ਗੱਲਬਾਤ ਦੇ ਅਧੀਨ ਸਰਕਾਰ ਨੇ।

ਹੋਇਆ ਉਦਘਾਟਨ ਰਿਬਨ ਗਿਆ ਕੱਟਿਆ,
ਨਾਅਰਿਆਂ ਦੀ ਗੂੰਜ ਹੇਠਾਂ ਪੁਲ ਗਏ ਉਸਾਰ ਨੇ।

ਅਸੀਂ ਕੋਈ ਕਹਿ ਦਈਏ ਤਾਂ ਦਿਲ ਉੱਤੇ ਵੱਜਦੀ,
ਤੁਸੀਂ ਕਹਿ ਦਿਓ ਤਾਂ ਕਿੱਸੇ ਬੜੇ ਮਜ਼ੇਦਾਰ ਨੇ।

ਮੂੰਹ ਦੇ ਵਿਚ ਰਾਮ ਰਾਮ ਬਗਲ ’ਚ ਛੁਰੀ ਹੈ,
ਕਹਿਣ ਨੂੰ ਉਹ ਸਭ ਤੋਂ ਪਿਆਰੇ ਸਾਡੇ ਯਾਰ ਨੇ।

ਛੱਡੋ ਪਰ੍ਹਾਂ ਦੋਸਤੋ ਬੇਕਾਰ ਜਹੀ ਬਹਿਸ ਨੂੰ,
ਏਥੇ ਸਾਰੇ ਮਹਿਕਮੇ ਚਿਰੋਕੜੇ ਬੀਮਾਰ ਨੇ।

ਉਮਰ ਦਰਾਜ ਕਰੇ ਰੱਬ ਉਸ ਪੀਰ ਦੀ,
ਜੀਹਨੇ ਖੋਲ੍ਹੇ ਪਿੰਡ ’ਚ ਔਲਾਦ ਦੇ ਭੰਡਾਰ ਨੇ।

ਠੀਕ ਨਹੀਂ ਭੈਣ ਜੇ ਦਿਖਾਉ ਤਾਂਤਰਿਕ ਨੂੰ,
ਇਕ ਨਹੀਂ ਉਹਦੇ ਕੋਲ ਨੁਸਖੇ ਹਜ਼ਾਰ ਨੇ।

ਕਿਹੋ ਜਹੀ ਪੜ੍ਹਾਈ ਹੈ ਇਹ ਕਿਹੋ ਜਿਹੇ ਸਕੂਲ ਨੇ,
ਬੱਚਿਆਂ ਦੀ ਪਿੱਠ ਉੱਤੇ ਮਣਾਂ ਮੂੰਹੀ ਭਾਰ ਨੇ।

ਰਵੇ ਸਾਨੂੰ ਇਹੋ ਬਹੂ ਲੈ ਕੇ ਆਈ ਨਾਲ ਕੀ,
ਸ਼ਾਦੀ ਵਿਆਹ ਕਾਹਦੇ ਇਹ ਤਾਂ ਨਿਰੇ ਕਾਰੋਬਾਰ ਨੇ।

ਇਹੋ ਸੰਤਾਪ ਸਾਡਾ ਇਹੋ ਹੈ ਤ੍ਰਾਸਦੀ,
ਗੀਤਾਂ ਤੇ ਰਿਵਾਜਾਂ ਨੇ ਉਜਾੜੇ ਘਰ ਬਾਹਰ ਨੇ।

ਹਾਲਾਂ ਤਕ ਲੱਭੀ ਨਹੀਂ ਪਰਿਭਾਸ਼ਾ ਦੇਸ਼ ਦੀ,
ਰਾਤਾਂ ਜਾਗ ਜਾਗ ਕੀਤੇ ਬੜੇ ਮੈਂ ਵਿਚਾਰ ਨੇ।

ਨੂੜਿਆ ਜ਼ਮਾਨਾ ਸਾਰਾ ਪੈਸਿਆਂ ਨੇ ਦੋਸਤੋ,
ਪੀਲੇ ਭੂਕ ਚੇਹਰੇ ਰਹਿੰਦੇ ਸਦਾ ਅਵਾਜ਼ਾਰ ਨੇ।

ਸੋਚਿਆ ਸੀ ਲੜਾਂਗਾ ਖ਼ਿਲਾਫ਼ ਸਿਸਟਮ ਦੇ,
ਮਾਰ ਲਿਆ ਬੀਵੀ ਅਤੇ ਬੱਚਿਆਂ ਦੇ ਪਿਆਰ ਨੇ।

ਤੁਸੀਂ ਤਾਂ ਮੈਖਾਨਿਆਂ ਕਲੱਬਾਂ ਵਿਚ ਜਾਂਦੇ ਓ,
'ਧਾਪ' ਸਾਡੇ ਲੰਘਦੇ ਉਦਾਸ ਐਤਵਾਰ ਨੇ।

•

## .ਗ਼ਜ਼ਲ

ਪਾਰੇ ਘੋਲ ਅਸਾਡੇ ਕੰਨੀਂ ਪਾ ਦੇਵੋ।
ਨਫ਼ਰਤ ਦਾ ਕੋਈ ਨਗ਼ਮਾ ਫੇਰ ਸੁਣਾ ਦੇਵੋ।

ਪਾਂਧੀ ਹਾਂ ਅਮਨਾਂ ਦੇ ਵੈਰੀ ਜੰਗਾਂ ਦੇ,
ਵਿਸ਼ਾਂ ਭਰੀਆਂ ਸੋਚਾਂ ਨੂੰ ਦਫ਼ਨਾ ਦੇਵੋ।

ਨਾ ਇਹ ਹੀਣ ਭਾਵਨਾ ਨਾ ਇਹ ਬੌਣਾਪਣ,
ਪਿਆਰ ਦੀ ਖ਼ਾਤਿਰ ਆਪਣਾ ਆਪ ਝੁਕਾ ਦੇਵੋ।

ਵਰਤਮਾਨ ਦੇ ਅੰਦਰ ਸੁਹਜ ਭਵਿੱਖਾਂ ਦਾ,
ਇਸ ਦੇ ਲਾਗੋਂ ਚਾਗੋਂ ਨਜ਼ਰ ਹਟਾ ਦੇਵੋ।

ਕੱਲ੍ਹ ਸਵਾਲੀਆ ਚਿੰਨ੍ਹ ਫੜੀ ਲਲਕਾਰ ਰਿਹਾ,
ਉੱਤਰ ਉਹਦੇ ਸਾਂਝਾਂ ਤੀਕ ਰਟਾ ਦੇਵੋ।

ਮਕਤਲ ਨੇ ਤਾਂ ਰੱਖਣਾ ਬੂਹਾ ਖੁੱਲ੍ਹਾ ਏ,
'ਧਾਪ' ਮਸੀਹੇ ਬਣ ਕੇ ਫ਼ਰਜ਼ ਨਿਭਾ ਦੇਵੋ।

•

## ਗ਼ਜ਼ਲ

ਤੇਰਿਆਂ ਸਾਹਾਂ 'ਚੋਂ ਆਈ, ਪੌਣ ਖਹਿੜੇ ਪੈ ਗਈ।
ਮੈਂ ਗਿਆ ਤੇਰੇ ਦਰੀਂ ਕਦ, ਆਸ ਕੋਈ ਲੈ ਗਈ।

ਯਾਦ ਨੇ ਮੈਨੂੰ ਉਹ ਕਿੰਨੇ, ਕਸ਼ਮਕਸ਼ ਦੇ ਰੋਜ਼ ਸਨ,
ਏਸ ਪਲ ਉੱਠੀ ਜੋ ਹਿੰਮਤ, ਦੂਸਰੇ ਪਲ ਬਹਿ ਗਈ।

ਹਰ ਤਰਫ਼ ਮਦਹੋਸ਼ੀਆਂ ਦਾ, ਰੰਗ ਗਾੜ੍ਹਾ ਹੋ ਗਿਆ,
ਛਾ ਗਈ ਪਲ ਪਲ ਬੇਹੋਸ਼ੀ, ਹੋਸ਼ ਜੇਹੀ ਸ਼ੈ ਗਈ।

ਊਣਿਆਂ ਤੇਰੇ ਖ਼ਿਆਲਾਂ, ਤੋਂ ਅਸਾਂ ਹੋਣਾ ਸੀ ਕੀ,
ਕੋਈ ਗੱਲ ਤੇਰੀ ਨਜ਼ਰ, ਮੇਰੀ ਨਜ਼ਰ ਨੂੰ ਕਹਿ ਗਈ।

ਫੁੱਟ ਪਈ ਬੰਜਰ ਜਹੇ, ਦਿਲ 'ਚੋਂ ਕਰੂੰਬਲ ਪਿਆਰ ਦੀ,
ਬਿਰਖ਼ ਦਾ ਕੱਦ ਕਾਠ, ਮੇਰੇ ਵੇਂਹਦੇ ਵੇਂਹਦੇ ਲੈ ਗਈ।

'ਧਾਪ' ਆਪਣੇ ਫ਼ਰਜ਼ ਦਾ, ਕਿਸ ਨੂੰ ਫ਼ਿਕਰ ਫਾਕਾ ਰਿਹਾ,
ਅਕਲ ਤੇ ਜੋ ਸ਼ਕਲ ਤੇਰੀ, ਚੌਂਕੜੀ ਲਾ ਬਹਿ ਗਈ।

•

## ਗ਼ਜ਼ਲ

ਸਾਡੇ ਅੱਜ ਦਾ ਬਚਪਨ ਰੁਲਿਆ, ਕੱਲ੍ਹ 'ਤੇ ਜੋਬਨ ਆਉਣਾ ਕੀ।
ਨਿੱਤ ਹਨੇਰਾ ਖਾਵੇ ਸਾਨੂੰ, ਚਾਨਣ ਅਸਾਂ ਉਗਾਉਣਾ ਕੀ।

ਲਾਲ ਲਹੂ ਦਾ ਕਾਰਨ ਤਕਾਜ਼ਾ, ਜੋਕਾਂ ਜਣੀਆਂ ਹਿਰਸ ਦੀਆਂ,
ਪੀਲੇ ਲਹੂਆਂ ਦੇ ਨਜ਼ਰਾਨੇ, ਆਪੇ ਨੂੰ ਅਜਮਾਉਣਾ ਕੀ।

ਵੇਖ ਸੁਨਹਿਰੀ ਭੋਜਨ ਸਾਹਵੇਂ, ਸੁੱਟੀ ਜਾਵਣ ਲਾਰਾਂ ਜੋ,
ਉਨ੍ਹਾਂ ਰਿਸ਼ਵਤਖੋਰ ਬਹਾਰਾਂ, ਫੇਰਾ ਸਾਡਾ ਪਾਉਣਾ ਕੀ।

ਧੱਸੀਆਂ ਅੱਖਾਂ ਕਰਨ ਸਿਆਪਾ, ਫੇਰ ਮਰੀ ਇਕ ਨੀਂਦਰ ਦਾ,
ਐਪਰ ਇਕ ਅਸਾਡੇ ਬਾਝੋਂ, ਮਾਤਮ ਕਿਸੇ ਮਨਾਉਣਾ ਕੀ।

ਲਾਰੇ ਮੂੰਹ 'ਚੋਂ ਠੂੰਹੇ ਕੇਰਨ, ਦਾਅਵੇ ਡੰਗਣ ਸਾਹਵਾਂ ਨੂੰ,
ਅਫ਼ਸਰਸ਼ਾਹੀ ਹੋਰ ਨਜ਼ਾਰਾ, ਏਦੂੰ ਵੱਧ ਦਿਖਾਉਣਾ ਕੀ।

ਕੇਵਲ ਇਕੋ ਇਕ ਗਰਾਹੀ, ਮਿਹਨਤ ਦਾ ਇਵਜ਼ਾਨਾ ਏ,
ਧੋਖਿਆਂ ਅਤੇ ਫ਼ਰੇਬਾਂ ਕੋਲੋਂ, ਹੋਰ ਅਸਾਂ ਨੇ ਚਾਹੁਣਾ ਕੀ।

ਮਿੱਟੀ ਤੇ ਸੱਪ ਮਿੱਟੀ ਰੰਗੇ, ਫਨ ਖਲਾਰੀ ਬੈਠੇ ਨੇ,
ਉਨ੍ਹਾਂ ਹੇਠੋਂ ਖੋਹ ਮਿੱਟੀ ਨੂੰ, ਪੂਜਣ ਯੋਗ ਬਣਾਉਣਾ ਕੀ।

ਰੋਜ਼ ਦਿਹਾੜੀ ਸੰਘੀ ਨੱਪੇ, ਬੇਚੈਨੀ ਮੁਸਕਾਨਾਂ ਦੀ,
'ਧਾਪ' ਮਖ਼ੌਲਾਂ ਟਿੱਚਰਾਂ ਕਰਕੇ, ਹੱਸਣਾ ਅਤੇ ਹਸਾਉਣਾ ਕੀ।

•

# .ਗ਼ਜ਼ਲ

ਚੰਦ ਦਿਹਾੜੇ ਹੋਰ ਹਯਾਤੀ ਸਾਡੀ ਹੈ।
ਕਿਉਂ ਜੋ ਪੀੜਾਂ ਖਾਧੀ ਛਾਤੀ ਸਾਡੀ ਹੈ।

ਰੌਸ਼ਨੀਆਂ ਵੱਲ ਖਿੱਚੇ ਜਾਣਾ ਸੜ ਜਾਣਾ,
ਵਾਂਗ ਪਤੰਗੇ ਯਾਰੋ ਜਾਤੀ ਸਾਡੀ ਹੈ।

ਅੱਗਾਂ ਭਾਂਬੜ ਸਾਡੇ ਜ਼ਿੰਮੇ ਲਾਓ ਨਾ,
ਕੇਵਲ ਇਕੋ ਇਕ ਚੁਆਤੀ ਸਾਡੀ ਹੈ।

ਤੇਰੇ ਜਹੇ ਕਈ ਜੰਮੇ ਸੋਨਾ ਚਾਂਦੀ ਲੈ,
ਅਜਲਾਂ ਤੋਂ ਹੀ ਗ਼ੁਰਬਤ ਸਾਥੀ ਸਾਡੀ ਹੈ।

ਸਾਡੇ ਲਈ ਡਾਢਾ ਔਖਾ ਹੈ ਭੁੱਲ ਜਾਣਾ,
'ਧਾਪ' ਸੋਚ ਜ਼ਰਾ ਜਜ਼ਬਾਤੀ ਸਾਡੀ ਹੈ।

•

## ਗ਼ਜ਼ਲ

ਵਕਤ ਸੁਜਾਖਾ ਤਦ ਹੁੰਦਾ ਹੈ।
ਜਦ ਅੱਖੀਆਂ ਦਾ ਕੱਦ ਹੁੰਦਾ ਹੈ।

ਕੋਈ ਕੋਸ ਮੁਕੱਦਰਾਂ ਰੋਵੇ,
ਤੇ ਕੋਈ ਗਦ ਗਦ ਹੁੰਦਾ ਹੈ।

ਬੋਝ ਕਿਸੇ ਦੇ ਦੁੱਖ ਦਾ ਯਾਰੋ,
ਕਦ ਸਾਹਾਂ 'ਤੇ ਲੱਦ ਹੁੰਦਾ ਹੈ।

ਮੱਥੇ 'ਤੇ ਜੋ ਲਿਖਿਆ ਹੁੰਦਾ,
ਗ਼ਮ ਕਿੱਥੇ ਉਹ ਰੱਦ ਹੁੰਦਾ ਹੈ।

ਮਾਤਮ ਜਦ ਮਨਾਵਣ ਗ਼ਜ਼ਲਾਂ,
ਕਿੱਥੇ ਸਭ ਨੂੰ ਸੱਦ ਹੁੰਦਾ ਹੈ।

'ਧਾਪ' ਜਿਨ੍ਹਾਂ ਨੇ ਲਾਈ ਯਾਰੀ,
ਸਿਰ ਦੇਣਾ ਮਕਸਦ ਹੁੰਦਾ ਹੈ।

•

## .ਗ਼ਜ਼ਲ

ਜੋੜ ਤੋੜ ਕਰਨੇ ਜਨਾਬ ਕਿੱਥੇ ਆਉਂਦੇ ਨੇ।
ਸਿੱਧੇ ਸਾਦੇ ਬੰਦੇ ਆਂ ਹਿਸਾਬ ਕਿੱਥੇ ਆਉਂਦੇ ਨੇ।

ਹੋਣ ਨਾ ਖੁਸ਼ਾਮਦਾਂ ਨਾ ਹੋਣ ਜੀ ਹਜ਼ੂਰੀਆਂ,
ਮਾਰਨੇ ਸਲੂਟ ਤੇ ਅਦਾਬ ਕਿੱਥੇ ਆਉਂਦੇ ਨੇ।

ਅੱਖੀਆਂ ਨੂੰ ਦੱਸਿਓ ਨਾ ਭੇਦ ਲੱਗ ਜਾਣ ਦੇ,
ਨੀਂਦਰਾਂ ਨਾ ਆਉਣ ਤਾਂ ਖਵਾਬ ਕਿੱਥੇ ਆਉਂਦੇ ਨੇ।

ਦਿਲ ਤੇ ਜ਼ੁਬਾਨ ਵਾਲਾ ਫ਼ਾਸਲਾ ਨਈਂ ਰੱਖੀਦਾ,
ਮੁੱਖ ਉੱਤੇ ਚਾੜ੍ਹਨੇ ਨਕਾਬ ਕਿੱਥੇ ਆਉਂਦੇ ਨੇ।

ਜੇਹੋ ਜਿਹਾ ਬੀਜਣਾ ਏ ਓਹੋ ਜਿਹਾ ਵੱਢਣਾ,
ਕੰਡਿਆਂ ਦੇ ਬੀਆਂ ’ਤੇ ਗੁਲਾਬ ਕਿੱਥੇ ਆਉਂਦੇ ਨੇ।

ਵੇਖੀਂ ਮੇਰੀ ਮਾਲਕਾ ਸਵਾਲ ਡਾਢੇ ਪਾਈਂ ਨਾ,
‘ਧਾਪ’ ਤੇਰੇ ਬੰਦੇ ਨੂੰ ਜਵਾਬ ਕਿੱਥੇ ਆਉਂਦੇ ਨੇ।

•

# ਗ਼ਜ਼ਲ

ਮੱਲੋਮੱਲੀ ਗ਼ਮ ਦੇ ਸੂਰਜ, ਤਾਈਂ ਅਰਗ ਚੜ੍ਹਾਵੇਂ।
ਤਾਂਹੀਓਂ ਵੱਡੇ ਹੁੰਦੇ ਜਾਵਣ, ਦੁੱਖਾਂ ਦੇ ਪਰਛਾਵੇਂ।

ਸੱਪ ਤਾਂ ਆਖ਼ਿਰ ਸੱਪ ਹੁੰਦੇ ਨੇ, ਕੀ ਸੱਪਾਂ ਦੀ ਯਾਰੀ,
ਡੰਗ ਚਲਾਉਣੋਂ ਰਤਾ ਨਾ ਝਿਜਕਣ, ਦੁੱਧ ਪਿਆ ਲੋ ਭਾਵੇਂ।

ਤੁੱਛ ਜਾਣ ਕੇ ਵੱਟ ਨਾ ਪਾਸਾ, ਨਿੱਕਿਆਂ ਜੀਵਾਂ ਕੋਲੋਂ,
ਜੁਗਨੂੰ ਵੀ ਤਾਂ ਮੇਟਣ ਤੁਰਦੇ, ਰਾਤਾਂ ਦੇ ਸਿਰਨਾਵੇਂ।

ਬੰਦਿਆ ਬੰਦਾ ਹੋਣ ਦੀ ਤੈਨੂੰ, ਹੋਰ ਸਜ਼ਾ ਕੀ ਮਿਲਣੀ,
ਆਪੇ ਆਪਣੇ ਹਿੱਸੇ ਕੱਟੇਂ, ਆਪੇ ਖਾਈ ਜਾਵੇਂ।

ਕਿਸਮਤ ਕਹਿ ਲੈ ਹੋਣੀ ਕਹਿ ਲੈ, ਜਾਂ ਕਰਮਾਂ ਦੇ ਸਿੱਟੇ,
ਓਨੀ ਮੰਜ਼ਿਲ ਪਿੱਛੇ ਹੱਟਦੀ, ਜਿੰਨਾ ਪੰਧ ਮੁਕਾਵੇਂ।

ਸ਼ਹਿਰ ਤਿਰੇ ਦੀ ਹਵਾ ਬਦਲ ਗਈ, ਵੈਰੀ ਹੋਈਆਂ ਗਲੀਆਂ,
ਕਿਧਰੇ ਤੇਰੇ ਹੱਥ ਨਾ ਕੰਬਣ, ਪੱਥਰ ਜਦ ਉਠਾਵੇਂ।

ਕਾਲੇ ਕਾਲੇ ਬੱਦਲ ਸਾਰਾ, ਅੰਬਰ ਘੇਰ ਖਲੋਤੇ,
ਝਾਤੀਆਂ ਮਾਰਨ ਧਰਤੀ ਉੱਤੇ, ਤਾਰੇ ਟਾਵੇਂ ਟਾਵੇਂ।

ਕੀ ਛੋਟੇ ਬਿਰਖ਼ਾਂ ਦਾ ਉੱਗਣਾ, ਤੇ ਕੀ ਵੱਡਿਆਂ ਹੋਣਾ,
ਵੱਡਿਆਂ ਬਿਰਖ਼ਾਂ ਧੁੱਪਾਂ ਖੋਈਆਂ, ਦੱਬਿਆ ਆਪਣੀ ਛਾਵੇਂ।

ਜਾਂਦਾ ਜਾਂਦਾ ਕੰਧ ਦੇ ਉੱਤੋਂ, ਹਾਕ ਮਾਰ ਲਈਂ ਸਾਨੂੰ,
'ਧਾਪ' ਜਦੋਂ ਮੋਇਆ ਗੀਤਾਂ ਦੀ, ਅਰਥੀ ਚੁੱਕ ਲਿਜਾਵੇਂ।

•

# ਗ਼ਜ਼ਲ

ਮੈਂ ਤਾਂ ਯਾਰੋ ਚੁੱਪ ਚੁਪੀਤੇ।
ਨੈਣਾਂ ਅੰਦਰ ਹੰਝੂ ਸੀਤੇ।

ਸੱਸੀ ਰੋਈ ਪੁੰਨੂੰ ਪੁੰਨੂੰ,
ਨਿਕਲੇ ਮਾਰੂਥਲ ਬਦਨੀਤੇ।

ਲੱਭ ਲੱਭ ਗ਼ਮ ਟਿਕਾਵੇਂ ਯਾਰਾਂ,
ਦਿਲ ਦੇ ਵਿਹੜੇ ਦਾਖ਼ਲ ਕੀਤੇ।

ਆਖ਼ਿਰ ਓਹਨਾਂ ਪਿਆਸ ਬੁਝਾਈ,
ਲਹੂ ਦੇ ਕਾਸੇ ਭਰ ਭਰ ਪੀਤੇ।

ਰੋਹ ਵਿਚ ਆਏ ਘਰ ਦੇ ਲੋਕੀਂ,
ਟੁਰੇ ਖਰੀਦਣ ਅੱਗ ਦੇ ਫੀਤੇ।

ਕੀਕਣ 'ਧਾਪ' ਮਨਾਵਾਂ ਖ਼ੁਸ਼ੀਆਂ,
ਦਿਨ ਫ਼ਿਕਰਾਂ ਦੇ ਕਿੱਥੇ ਬੀਤੇ।

•

## .ਗ਼ਜ਼ਲ

ਗੀਤਾਂ ਵੱਡੀਆਂ ਜਾਂ ਫਿਰ ਵੱਡੇ, ਪੀੜਾਂ ਦੇ ਸਿਰਨਾਵੇਂ।
ਤੂੰ ਫਿਰ ਮੇਰਾ ਬੇਲੀ ਕਾਹਦਾ, ਜੇ ਏਹ ਸਮਝ ਨਾ ਪਾਵੇਂ।

ਮੇਰੀ ਚਾਦਰ ਚੰਦ ਕੁ ਦਮੜੇ, ਰੋਟੀ ਪਾਣੀ ਜੋਗੇ,
ਦੱਸ ਮੈਂ ਕੇਵੇਂ ਮਹਿਲ ਮਾੜੀਆਂ, ਲਾ ਦਿਆਂ ਤੇਰੇ ਨਾਵੇਂ।

ਪਲ ਪਲ ਜ਼ਿੰਦਗੀ ਦੇਈ ਜਾਵੇ, ਜੇਠ ਹਾੜ੍ਹ ਦੀਆਂ ਧੁੱਪਾਂ,
ਡਾਢਾ ਔਖਾ ਨੰਗੇ ਪਿੰਡੇ, ਟੁਰਨਾ ਰੱਬ ਦੀ ਛਾਵੇਂ।

ਝੂਠ ਦੀ ਆਕੜ ਟੁੱਟਿਆ ਤਾਰਾ, ਵਿਚ ਖਲਾਂ ਰਲ ਜਾਵੇ,
ਸੱਚ ਰੂਹਾਨੀ ਤਾਕਤ ਜੀਹਦੇ, ਅਰਸ਼ਾਂ ਤੱਕ ਪਰਛਾਵੇਂ।

ੳਧਰ ਟੋਏ ਟਿੱਬੇ ਖਾਈਆਂ, ਤੂੰ ਏਂ ਸਿੱਧਾ ਸਾਦਾ,
ਭੁੱਲਿਆ ਰਾਹੀਆ ਅੱਖਾਂ ਮੀਚੀ, ਕਿਧਰ ਟੁਰਿਆ ਜਾਵੇਂ।

'ਧਾਪ' ਕਮਲਿਆਂ ਵਾਂਗੂੰ ਐਵੇਂ, ਕਮਲ ਘੋਟਦਾ ਰਹਿਨਾ,
ਤੈਥੋਂ ਵੇਲਾ ਸਾਂਭ ਨਾ ਹੋਵੇ, ਹੋਰਾਂ ਨੂੰ ਸਮਝਾਵੇਂ।

•

## ਗ਼ਜ਼ਲ

ਇਹ ਨਾ ਪੁੱਛੋ ਜਿੱਤਣਾ ਹੈ ਜਾਂ ਹਰਨਾ ਹੈ।
ਬਸ ਸਾਗਰ ਦੀ ਛਾਤੀ ਉੱਤੇ ਤਰਨਾ ਹੈ।

ਸਿੱਖ ਸਲੀਕਾ ਇੱਕੋ ਵਾਰੀ ਮਰਨੇ ਦਾ,
ਸਿਸਕ ਸਿਸਕ ਕੇ ਮਰਨਾ ਕਾਹਦਾ ਮਰਨਾ ਹੈ।

ਫ਼ਸਲਾਂ ਟੁੱਕੀ ਜਾਂਦੇ ਕੀਟ ਪਤੰਗੇ ਨੇ,
ਖੇਤਾਂ ਅੰਦਰ ਰੱਖਿਆ ਐਵੇਂ ਡਰਨਾ ਹੈ।

ਅੱਖ ਬਚਾ ਕੇ ਬਾਊ ਕਹਿੰਦਾ ਦਫ਼ਤਰ ਦਾ,
ਵਿਚ ਕਾਗ਼ਜ਼ਾਂ ਧਰ ਦੇ ਜੋ ਕੁਝ ਧਰਨਾ ਹੈ।

ਸੁੱਟੋਗੇ ਜੇ ਅੰਦਰ ਦੂਸ਼ਿਤ ਪੌਣਾਂ ਨੂੰ,
ਇਕ ਵੇਲੇ ਤਾਂ ਫੇਫੜਿਆਂ ਨੇ ਗਰਨਾ ਹੈ।

ਸਾਨੂੰ ਕੀ ਮਤਲਬ ਨਾਲ ਚੋਰ ਬਾਜ਼ਾਰੀ ਦੇ,
ਧੀਆਂ ਪੁੱਤਾਂ ਖ਼ਾਤਰ ਪੈਂਦਾ ਕਰਨਾ ਹੈ।

ਇਕ ਲੋਟੂ ਦੂਜੇ ਨੂੰ ਕਹਿੰਦਾ ਹੌਲੇ ਜਹੇ,
ਇਕ ਦੂਜੇ ਬਿਨ ਸਾਡਾ ਕਿੱਥੇ ਸਰਨਾ ਹੈ।

'ਧਾਪ' ਕਰੇਂ ਕਿਉਂ ਚਿੰਤਾ ਉਲਝੀ ਤਾਣੀ ਦੀ,
ਜੀਹਨੇ ਕੀਤਾ ਉਹਨੂੰ ਪੈਣਾ ਭਰਨਾ ਹੈ।

•

## ਗ਼ਜ਼ਲ

ਮੈਂ ਤਾਂ ਚੁੱਪ ਸਾਂ ਜ਼ੁਬਾਨ ਬੋਲ ਪਈ।
ਵੇਖ ਮੈਨੂੰ ਹੈਰਾਨ ਬੋਲ ਪਈ।

ਤੂੰ ਵੀ ਲੱਗਿਆਂ ਏਂ ਸੌਦੇਬਾਜ਼ ਜਿਹਾ,
ਸਾਂਭ ਤੱਕੜੀ ਜ਼ੁਬਾਨ ਬੋਲ ਪਈ।

ਚੀਜ਼ ਕੀ ਏ ਗ਼ਰੂਰ ਕਿਸ ਗੱਲ ਦਾ,
ਸੰਗ ਗੀਤਾ ਕੁਰਾਨ ਬੋਲ ਪਈ।

ਤੀਰ ਤੇਰੇ ਸੀ ਸਾਹਿਬਾਂ ਤੇਰੀ ਸੀ,
ਨੈਣ ਭਰ ਕੇ ਕਮਾਨ ਬੋਲ ਪਈ।

ਕਰਜ਼ ਬਾਕੀ ਹੈ ਨਿਕਲ ਜਾਵਾਂਗੀ,
ਧੜਕ ਸਾਹਾਂ 'ਚ ਜਾਨ ਬੋਲ ਪਈ।

ਮਾਤ ਖਾਵੀਂ ਨਾ 'ਧਾਪ' ਪੈਂਡੇ ਤੋਂ,
ਡਿੱਗਦੀ ਡਿੱਗਦੀ ਥਕਾਨ ਬੋਲ ਪਈ।

•

## ਗ਼ਜ਼ਲ

ਖ਼ੁਸ਼ਫ਼ਹਿਮੀਆਂ ਦੇ ਰੋਗ ਨੇ, ਖ਼ੁਸ਼ੀਆਂ 'ਤੇ ਹੱਲਾ ਬੋਲਿਆ।
ਦਿਲ ਰਹਿ ਗਿਆ ਮਸੋਸ ਕੇ, ਨਾ ਫੇਰ ਝੱਲਾ ਬੋਲਿਆ।

ਮੰਦਰ ਦੀ ਸੀੜ੍ਹੀ ਚੜ੍ਹ ਗਿਆ, ਝਿਜਕਾਂ ਨੂੰ ਪਾਸੇ ਰੱਖ ਕੇ,
ਖਵਰੇ ਸੀ ਕਿਹੜੇ ਦੀਨ ਦਾ, ਉਹ ਰਾਮ ਅੱਲਾ ਬੋਲਿਆ।

ਸਮਿਆਂ ਦੀ ਭੱਠੀ ਗਰਮ ਹੈ, ਈਮਾਨ ਹਾਲੇ ਤਪ ਰਿਹਾ,
ਵੇਖਾਂਗੇ ਕਿਧਰੇ ਤੋਲ ਕੇ, ਤੱਕੜੀ ਦਾ ਪੱਲਾ ਬੋਲਿਆ।

ਸਾਹਵਾਂ 'ਚ ਸ਼ਾਮਿਲ ਖ਼ੌਫ਼ ਨੇ, ਜੀਭਾਂ 'ਤੇ ਲਾਏ ਜਿੰਦਰੇ,
ਮਾਰਗ 'ਤੇ ਸੱਚੇ ਚਲਦਿਆਂ, ਉਹ ਹੀ ਤਾਂ 'ਕੱਲਾ ਬੋਲਿਆ।

ਇਕ ਸ਼ਮਲਿਆਂ ਦੀ ਆਨ ਨੇ, ਰੂਹਾਂ ਦੇ ਕੀਤੇ ਫ਼ੈਸਲੇ,
ਨਾ ਮੌਨ ਮੁੰਦਰੀ ਤੋੜਿਆ, ਨਾ 'ਧਾਪ' ਛੱਲਾ ਬੋਲਿਆ।

•

# ਗ਼ਜ਼ਲ

ਪੀਂਘਾਂ ਪਾਈਆਂ ਲਾਲਚਾਂ, ਝੂਟੀ ਜਾਵਣ ਲੋਕ।
ਜੇਬਾਂ ਵੰਨ ਸੁਵੰਨੀਆਂ, ਭਰਦੇ ਹਿੱਕਾਂ ਠੋਕ।

ਫ਼ਿਤਰਤ ਹੈ ਇਨਸਾਨ ਦੀ, ਰੱਬ ਕਰੇ ਵੀ ਕੀ,
ਫਨੀਅਰ ਸੋਚੀਂ ਸ਼ੂਕਦੇ, ਮੂੰਹਾਂ ਵਿਚ ਸਲੋਕ।

ਮਿੱਤਰਾਂ ਲੱਭਿਆ ਜੀਣ ਦਾ, ਇਕ ਅਨੋਖਾ ਢੰਗ,
ਕਬਰਾਂ ਉੱਤੇ ਬੈਠ ਕੇ, ਪੀਂਦੇ ਸੋਢੇ ਕੋਕ।

ਢਹਿ ਨਾ ਜਾਣ ਇਮਾਰਤਾਂ, ਰੱਖੀਂ ਨੀਂਹਾਂ ਸੋਚ,
ਵਕਤ ਵਿਹਾ ਕੇ ਦੋਸਤਾ, ਫੇਰ ਕਰੇਂਗਾ ਸ਼ੋਕ।

ਮਜ਼ਹਬ ਪੀਲਾ ਪੈ ਗਿਆ, ਹੋਇਆ ਡਾਵਾਂਡੋਲ,
ਖ਼ਬਰੇ ਕਿਹੜਾ ਲਾ ਗਿਆ, ਚੁੱਪ ਚੁਪੀਤੇ ਜੋਕ।

'ਧਾਪ' ਸਿਕੰਦਰ ਬਾਦਸ਼ਾਹ, ਖੜ੍ਹ ਗਿਆ ਸਾਹਵੇਂ ਜਾ,
ਕਿਹਾ ਫ਼ਕੀਰ ਨੇ ਝਿੜਕ ਕੇ, ਹੱਟ ਜਾ ਧੁੱਪ ਨਾ ਰੋਕ।

•

## ਗ਼ਜ਼ਲ

ਵੱਗਦਾ ਬੁੱਲਾ ਖਹਿ ਜਾਂਦਾ ਏ।
ਪੱਤਾ ਪੱਤਾ ਲਹਿ ਜਾਂਦਾ ਏ।

ਸਾਗਰ ਵਿਚੋਂ ਮੋਤੀ ਲੱਭਦਾ,
ਬੰਦਾ ਗੋਤੇ ਸਹਿ ਜਾਂਦਾ ਏ।

ਮੈਂ ਜਿਸ ਪਲ ਨੂੰ ਜੀਣਾ ਚਾਹੁੰਨਾ,
ਅੱਥਰੂ ਬਣ ਕੇ ਵਹਿ ਜਾਂਦਾ ਏ।

ਡਰ ਦੀ ਆਹਟ ਦਸਤਕ ਦੇਂਦੀ,
ਤਨ ਘਾਬਰ ਕੇ ਬਹਿ ਜਾਂਦਾ ਏ।

ਜਿਸ ਘਰ ਦੀਮਕ ਘਰ ਕਰ ਜਾਵੇ,
ਢਹਿੰਦੇ ਢਹਿੰਦੇ ਢਹਿ ਜਾਂਦਾ ਏ।

'ਧਾਪ' ਸਤਾਇਆ ਦਿਲ ਗ਼ਮਾਂ ਦਾ,
ਧੜਕਣ ਜੋਗਾ ਰਹਿ ਜਾਂਦਾ ਏ।

•

## ਫੁੱਲ ਨਾ ਬਣੀਂ

ਲੋਕੀਂ, ਪੱਤੀ ਪੱਤੀ ਦੇਣਗੇ ਬਖੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ
ਏਥੇ, ਮਨਾਂ ਵਿਚ ਲੁੱਕਿਆ ਹਨੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਮਿੱਠੀਆਂ ਜ਼ੁਬਾਨਾਂ ਏਥੇ ਬਗਲਾਂ 'ਚ ਛੁਰੀਆਂ
ਜਦੋਂ ਵੀ ਇਹ ਟੁਰੀਆਂ ਦਿਲਾਂ ਉੱਤੇ ਟੁਰੀਆਂ
ਏਹਨਾਂ, ਕੱਟ ਕੱਟ ਲਾਏ ਕਈ ਢੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਨੀਤਾਂ ਨੂੰ ਕੁਰਾਹੇ ਪਾਉਣ ਝੱਟ ਬਦਨੀਤੀਆਂ
ਭੁੱਲੀਆਂ ਨਾ ਸਾਡੇ ਨਾਲ ਰਾਤਾਂ ਨੇ ਜੋ ਕੀਤੀਆਂ
ਭਾਲੇ, ਕਿਰਨਾਂ ਨੂੰ ਅੱਜ ਵੀ ਸਵੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਸੱਪ ਆਸਤੀਨਾਂ ਵਾਲੇ ਸਿੱਖੇ ਤੇ ਸਿਖਾਏ ਨੇ
ਜਿਥੇ 'ਉਨ੍ਹਾਂ' ਕਿਹਾ 'ਉਨ੍ਹਾਂ' ਓਥੇ ਡੰਗ ਲਾਏ ਨੇ
ਲਏ, ਵਿਸ਼ਾਂ ਨੇ ਚੌਗਿਰਦੇ ਘੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਪਲਕਾਂ ਦੇ ਹੇਠ ਹਰ ਨਜ਼ਰ ਉਦਾਸ ਹੈ
ਜਿਹਨੂੰ ਪੁੱਛੋ ਓਹੀਓ ਕਹਿੰਦਾ ਖ਼ੁਸ਼ੀ ਦੀ ਤਲਾਸ਼ ਹੈ
ਵੇਖੀ, ਝਾਕ ਝਾਕ ਸਾਰੀ ਮੈਂ ਚੁਫ਼ੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਜੀਦ੍ਹੇ ਕੋਲ ਭੋਰਾ ਜਿੰਨਾ ਦੀਨ ਤੇ ਈਮਾਨ ਹੈ
ਉਹਨੂੰ ਲੋਕੀਂ ਕਹਿੰਦੇ ਇਹਦਾ ਜੀਣ ਸ਼ਮਸ਼ਾਨ ਹੈ

ਏਹਨੇ, ਸਿੱਖਿਆ ਨਾ ਕੋਈ ਵਲ੍ਹ ਫੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਕੋਈ ਨਹੀਂ ਕਰੀਬ ਤੇਰੇ ਇਕ ਸਿਵਾ ਦਿਲ ਦੇ
ਮਿਲਦੇ ਨੇ ਯਾਰ ਪਰ ਦਿਲ ਨਈਂਓ ਮਿਲਦੇ
ਕਿਤੇ, ਭੇਤ ਕੋਈ ਦਈਂ ਨਾ ਖਲੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਸ਼ੀਤਲ ਹਵਾਵਾਂ ਲੱਖ ਲੰਘਣ ਕਰੀਬ ਦੀ
ਲੋੜ ਤਾਂ ਹਮੇਸ਼ਾ ਰਹਿੰਦੀ ਗ਼ਮਾਂ ਨੂੰ ਤਬੀਬ ਦੀ
ਲਵੀਂ, ਉਨ੍ਹਾਂ ਜੋਗੀ ਮਲਮ ਸਹੇੜ
ਵੇਖੀਂ ਜਿੰਦੇ ਫੁੱਲ ਨਾ ਬਣੀਂ

ਠੋਕਰਾਂ ਤਾਂ ਹਿੰਮਤਾਂ ਦੀ ਬੁਨਿਆਦ ਹੁੰਦੀਆਂ
ਢਹਿੰਦੀਆਂ ਕਲਾਂ ਨਾ ਕਦੇ ਆਬਾਦ ਹੁੰਦੀਆਂ
ਛੱਡ, ਰੋਣਾ ਧੋਣਾ ਅੱਥਰੂ ਨਾ ਕੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

'ਧਾਪ' ਜਿਹੜੇ ਉੱਕਦੇ ਨੇ ਸਦਾ ਲਈ ਉੱਕਦੇ
ਢੇਰੀ ਢਾਹਿਆਂ ਜ਼ਿੰਦਗੀ ਦੇ ਪੰਧ ਨਹੀਓਂ ਮੁੱਕਦੇ
ਚੱਲ, ਸਮਿਆਂ ਦੇ ਨਾਲ ਇਕ ਵੇਰ
ਵੇਖੀਂ ਜਿੰਦੇ ਫੁੱਲ ਨਾ ਬਣੀਂ

•

## ਕਰਜ਼ਾ

ਇਕ ਕਰਜ਼ਾ ਉਸ ਮਾਂ ਦਾ
ਜੀਹਨੇ
ਮੈਨੂੰ ਦੁੱਧ ਚੁੰਘਾਇਆ
ਇਕ ਕਰਜ਼ਾ ਉਸ ਪਿਉ ਦਾ
ਜੀਹਨੇ
ਮਿਹਨਤ ਨਾਲ ਪੜ੍ਹਾਇਆ

ਇਕ ਕਰਜ਼ਾ ਉਸ ਕੁੜੀ ਦਾ
ਜੀਹਦੇ
ਨਾਲ ਗਿਆ ਪਰਨਾਇਆ
ਇਕ ਕਰਜ਼ਾ ਉਸ ਪੁੱਤ ਦਾ
ਜੀਹਨੂੰ
ਮੰਨਤਾਂ ਮੰਗ ਮੰਗ ਪਾਇਆ

ਇਕ ਕਰਜ਼ਾ ਮਿੱਤਰਾਂ ਦਾ
ਜੀਹਨਾ
ਪਲ ਪਲ ਦਰਦ ਵੰਡਾਇਆ
ਇਕ ਕਰਜ਼ਾ ਗੁਰੂਆਂ ਦਾ
ਜੀਹਨਾ
ਸਿੱਧੇ ਰਸਤੇ ਪਾਇਆ

ਇਕ ਕਰਜ਼ਾ ਉਸ ਸਤਿਗੁਰੂ ਦਾ
ਜੀਹਨੇ
ਨਾਮ ਜਪਾਇਆ
ਇਕ ਕਰਜ਼ਾ ਮਿੱਟੀ ਦਾ
ਜੀਹਨੇ
ਆਪਣਾ ਅੰਨ ਖਵਾਇਆ

ਇਕ ਕਰਜ਼ਾ ਮੇਰੀ ਮਾਂ ਬੋਲੀ ਦਾ
ਜੀਹਨੇ
ਬੋਲਣ ਲਾਇਆ
ਸਭ ਤੋਂ ਵੱਡਾ ਪ੍ਰੀਤ ਦਾ ਕਰਜ਼ਾ
ਜੀਹਨੇ
ਕਵੀ ਬਣਾਇਆ

ਮੈਂ ਬਲਿਹਾਰੀ ਉਸ ਦੇ ਜਾਵਾਂ
ਜੀਹਨੇ
ਇਸ ਨੂੰ ਜਾਇਆ
ਜੀ ਕਰਦਾ ਇਹ ਚੜ੍ਹਦਾ ਜਾਵੇ
ਹੋ ਕੇ
ਦੂਣ ਸਵਾਇਆ

ਅੰਤਿਮ ਸਾਹ ਤਕ ਨਾਲ ਟੁਰੇ
ਬਣ
ਕਵਿਤਾ ਦਾ ਹਮਸਾਇਆ।

•

## ਰਾਹੀਆ ਵੇ

ਰਾਤ ਬਰਾਤੇ ਲੱਗਣ ਠੇਡੇ
ਚਾਨਣ ਬੰਨ੍ਹ ਲਈਂ ਪੱਲੇ ਵੇ
ਦੂਰ ਹੈ ਤੇਰੀ ਮੰਜ਼ਿਲ ਰਾਹੀਆ
ਜਾਣਾ ਕੱਲਮ 'ਕੱਲੇ ਵੇ

ਤੋਲ ਨਹੀਂ ਜ਼ਿੰਦਗੀ ਦੇ ਸਾਹਵੇਂ
ਕੌਣ ਤਰਾਜੂ ਤੋਲੇ ਵੇ
ਇਕ ਪਾਸਾ ਤਾਂ ਭਰਿਆ ਭਰਿਆ
ਦੂਜਾ ਖ਼ਾਲੀ ਡੋਲੇ ਵੇ
ਪੀੜਾ ਸਹਿੰਦੀ ਨਬਜ਼ ਵਿਚਾਰੀ
ਮਰਦੀ ਖਪਦੀ ਚੱਲੇ ਵੇ

ਸਮਿਆਂ ਵਾਲੀ ਚਾਲ ਨਿਰਾਲੀ
ਰੁਕਣ ਦਵੇ ਨਾ ਘੜੀਆਂ ਵੇ
ਸਾਹੋ ਸਾਹੀ ਨੱਸੀ ਜਾਵਣ
ਕੰਧਾਂ ਉੱਤੇ ਖੜੀਆਂ ਵੇ
ਖ਼ਬਰੇ ਕੀਹਨੇ ਕਦ ਰੁਕ ਜਾਣਾ
ਵੇਖਣ ਮੂੰਹਾਂ ਵੱਲੇ ਵੇ

ਗਰਭ ਜੂਨ ਦੀ ਕੈਦੋਂ ਛੁੱਟਿਆ
ਬੰਦਾ ਸ਼ੁਕਰ ਮਨਾਉਂਦਾ ਏ
ਪਰ ਚੰਦਰੀਆਂ ਲੱਖਾਂ ਕੈਦਾਂ
ਜੀਵਨ ਵਿਚ ਹੰਢਾਉਂਦਾ ਏ
ਮੁੱਕਣ ਵਿਚ ਨਾ ਆਉਣ ਸਜ਼ਾਵਾਂ
ਜਾਣ ਹੁਕਮ ਨਾ ਠੱਲੇ ਵੇ

ਸੋਚਾਂ ਉੱਤੇ ਪਹਿਰੇ ਲੱਗੇ
ਹੋਠਾਂ ਉੱਤੇ ਤਾਲੇ ਵੇ
ਰੋਜ਼ ਦਿਹਾੜੀ ਕਰਨ ਸਿਆਸਤ
ਰੂਹਾਂ ਗਾਲਣ ਵਾਲੇ ਵੇ
ਡੰਗ ਟਪਾਲਣ ਚੁੱਪ ਚੁਪੀਤੇ
ਜਿਹੜੇ ਆਏ ਘੱਲੇ ਵੇ

ਆਪੇ ਆਪਣੀ ਮੌਤ ਵਿਆਹੁਣ
ਆਪ ਖਰੀਦਣ ਖੱਫਣ ਵੇ
ਕਰਮ ਵਾਸਤੇ ਥੋੜੀ ਜਿੰਨੀ
ਕਬਰ ਅਧੂਰੀ ਛੱਡਣ ਵੇ
ਝੱਲ ਵਲੱਲੀਆਂ ਵੇਖ ਫ਼ਰਿਸ਼ਤੇ
ਆਖਣ ਲੋਕੀਂ ਝੱਲੇ ਵੇ
ਦੂਰ ਹੈ ਤੇਰੀ ਮੰਜ਼ਿਲ ਰਾਹੀਆ
ਜਾਣਾ ਕੱਲਮ 'ਕੱਲੇ ਵੇ।

•

# ਉਹ

ਤੱਕਾਂ ਨਿੱਤ ਬਰੂਹਾਂ ਵੱਲੇ
ਅੱਖੀਆਂ ਨਾ ਝਮਕਾਉਣਾ ਲੋਚਾਂ
ਕਿਹੜਾ ਮੇਰੇ ਦਿਲ ਦਾ ਹਾਣੀ
ਖਵਰੇ ਕਿਸ ਦਾ ਆਉਣਾ ਲੋਚਾਂ

ਨੀਂਦਰ ਨੀਂਦਰ ਅੱਖੀਆਂ ਆਖਣ
ਇਕ ਪਲ ਵੀ ਨਾ ਸੌਣਾ ਲੋਚਾਂ
ਅੱਖਰ ਅੱਖਰ ਤਨਹਾਈ ਦਾ
ਹਰ ਵੇਲੇ ਮੁਰਝਾਉਣਾ ਲੋਚਾਂ

ਚੁੱਪ ਚੁਪੀਤੇ ਸਾਹਵਾਂ ਅੰਦਰ
ਗ਼ਮ ਦੇ ਰਾਗ਼ ਛੁਪਾਉਣਾ ਲੋਚਾਂ
ਘੋਰ ਉਦਾਸੀ ਘੋਰ ਹਨੇਰੇ
ਚਾਨਣ ਵਿਚ ਬੁਝਾਉਣਾ ਲੋਚਾਂ

ਕੋਸੇ ਕੋਸੇ ਨਿੱਘੇ ਨਿੱਘੇ
ਹਰਫ਼ ਵਸਲ ਦੇ ਪਾਉਣਾ ਲੋਚਾਂ
ਗਲਵੱਕੜੀ ਪਰਛਾਵੇਂ ਤਾਈਂ
'ਉਹ' ਸਮਝ ਕੇ ਪਾਉਣਾ ਲੋਚਾਂ।

•

## ਰੰਗ

ਕਾਲਾ ਅੰਬਰ ਚਿੱਟੇ ਤਾਰੇ
ਚੰਨ ਦਾ ਰੰਗ ਸੁਨਹਿਰੀ
ਮੈਂ ਕਿਸ ਰੰਗ ਵਿਚ ਰੰਗਿਆ ਜਾਵਾਂ
ਤਿੰਨੋਂ ਮੇਰੇ ਵੈਰੀ
ਪੁੱਛੋਗੇ ਕੀ ਭੇਦ ਇਨ੍ਹਾਂ ਦਾ
ਕਿਉਂ ਮੈਨੂੰ ਨਫ਼ਰਤ ਹੈ
ਇਹ ਸਿੱਧ ਪੱਧਰੀ ਗੱਲ ਹੈ ਯਾਰੋ
ਨਾ ਸਾਗਰ ਤੋਂ ਗਹਿਰੀ

ਕਾਲਾ ਰੰਗ ਸਿਆਹ ਕਰ ਦੇਵੇ
ਚਾਨਣ ਦੇ ਪਰਛਾਵੇਂ
ਦਿਨ ਦੀ ਥਾਏਂ ਰਾਤਾਂ ਉੱਗਣ
ਕੰਡੇ ਫੁੱਲਾਂ ਥਾਵੇਂ
ਬੱਦਲ ਬਣ ਬਰਸਾਤਾਂ ਰੋੜਨ
ਧੁੱਪਾਂ ਦੇ ਸਿਰਨਾਵੇਂ
ਖੁਰ ਜਾਵੇ ਪੈਰਾਂ ਦੀ ਮਿੱਟੀ
ਪੈਰ ਟਿਕਣ ਨਾ ਛਾਵੇਂ
ਮੱਲੋਮੱਲੀ ਹੱਥ ਬੰਨ੍ਹ ਸੁਫ਼ਨੇ
ਖੜਨ ਰਕੀਬਾਂ ਸਾਹਵੇਂ
ਸੱਜਣਾਂ ਦੇ ਤਾਂ ਵੱਖਰੀ ਗੱਲ ਹੈ
ਵਿਸਰਨ ਆਪਣੇ ਨਾਵੇਂ

ਦੱਸੋ ਕੀ ਲੈਣਾ ਇਸ ਰੰਗ ਤੋਂ
ਜੀਹਦਾ ਵਣਜ ਹਨੇਰਾ
ਇਹ ਤਾਂ ਆਪ ਤਿਆਗਣ ਹੋਇਆ
ਵਰ੍ਹਿਆਂ ਜੇਡ ਸਵੇਰਾ

ਚੰਗਾ ਹੈ ਮਨ ਲੱਭਣ ਟੁਰ ਪੇ
ਕੋਈ ਕਿਰਨ ਸੁਨਹਿਰੀ
ਮੈਂ ਕਿਸ ਰੰਗ ਵਿਚ ਰੰਗਿਆ ਜਾਵਾਂ
ਤਿੰਨੋਂ ਮੇਰੇ ਵੈਰੀ

ਚਿੱਟਾ ਰੰਗ ਦਰਪਣ ਦੀ ਜਾਤੀ
ਨਕਸ਼ਾਂ ਨੂੰ ਭਰਮਾਵੇ
ਚਮੜੀ ਥੱਲਿਓਂ ਉੱਠਣ ਪ੍ਰੀਤਾਂ
ਜੇਹੇ ਲਾਬੂੰ ਲਾਵੇ
ਨਸ ਨਸ ਜਾਵਣ ਲਹੂ ਦੀਆਂ ਕਿਰਨਾਂ
ਪਕੜ ਨਾ ਸੋਕਾ ਪਾਵੇ
ਨਜ਼ਮ ਜਹੀ ਬੇਬਾਕੀ ਆਪਣੀ
ਆਪੇ ਲੋਥ ਉਠਾਵੇ
ਕੋਈ ਨਾ ਕੇਰੇ ਸੋਗ ਦੇ ਅੱਥਰੂ
ਹਰ ਕੋਈ ਸੋਗ ਮਨਾਵੇ
ਕੁਝ ਲਮਹਿਆਂ ਦੀ ਉਮਰ ਹੰਢਾ ਕੇ
ਜਿੰਦ ਦੋਜ਼ਖੀ ਜਾਵੇ

ਦੱਸੋ ਕੀ ਲੈਣਾ ਇਸ ਰੰਗ ਤੋਂ
ਜੀਹਦੀ ਝੂਠੀ ਕਾਇਆ
ਇਹ ਤਾਂ ਆਪ ਤਿਆਗਣ ਹੋਇਆ
ਆਪਣਾ ਗੋਰਾ ਸਾਇਆ
ਉਹ ਕੀ ਹੋਈ ਸੋਚ ਭਲਾ ਜੋ
ਇਕ ਠੋਕਰ ’ਤੇ ਠਹਿਰੀ
ਮੈਂ ਕਿਸ ਰੰਗ ਵਿਚ ਰੰਗਿਆ ਜਾਵਾਂ
ਤਿੰਨੋਂ ਮੇਰੇ ਵੈਰੀ

ਰੰਗ ਸੁਨਹਿਰੀ ਹੁਸਨ ਦੀ ਕਾਣੋ
ਅਸਲੋਂ ਹੀ ਨਰਮੋਇਆ
ਜੀਹਨੇ ਬੱਧਾ ਬੰਨ ਤਰੀਫ਼ਾਂ
ਉਹਦੇ ਵੱਤ ਖਲੋਇਆ
ਭੁੱਲ ਤਾਰੀਖਾਂ ਦਾ ਜੁਰਮਾਨਾ
ਕਿੰਨਾ ਅੱਜ ਕੱਲ੍ਹ ਹੋਇਆ
ਚਮਕਣ ਦੇ ਅਹਿਸਾਸਾਂ ਹੇਠਾਂ
ਆਪਣਾ ਰੋਗ ਲੁਕੋਇਆ
ਜਦ ਨਾ ਪੁੱਛਿਆ ਆਪਣਿਆਂ ਵੀ
ਆਪਣੀ ਮੌਤੇ ਮੋਇਆ
ਜਿਸ ਪੱਥ ਆਇਆ ਉਸ ਪੱਥ ਮੁੜਿਆ
ਕੋਈ ਨਾ ਅੱਥਰੂ ਰੋਇਆ

ਦੱਸੋ ਕੀ ਲੈਣਾ ਇਸ ਰੰਗ ਤੋਂ
ਜੀਹਦੇ ਜਿਸਮ ਨੇ ਖ਼ਾਲੀ
ਇਹ ਤਾਂ ਆਪ ਤਿਆਗਣ ਹੋਇਆ
ਰੰਗਾਂ ਦੀ ਹਰਿਆਲੀ
ਇਸ ਨਾਲੋਂ ਤਾਂ ਚੰਗੀ ਸਾਨੂੰ
ਬਦਰੰਗੀ ਫੁਲਬਹਿਰੀ
ਮੈਂ ਕਿਸ ਰੰਗ ਵਿਚ ਰੰਗਿਆ ਜਾਵਾਂ
ਤਿੰਨੋਂ ਮੇਰੇ ਵੈਰੀ

•

## ਉੱਡ ਜਾ ਕਾਲਿਆ ਕਾਵਾਂ

ਉੱਡ ਜਾ ਕਾਲਿਆ ਕਾਵਾਂ
ਉੱਡ ਜਾ ਕਾਲਿਆ ਕਾਵਾਂ
ਉੱਡ ਜਾ ਕਾਲਿਆ ਕਾਵਾਂ
ਉੱਡ ਜਾ ਕਾਲਿਆ ਕਾਵਾਂ
ਹੁਣ ਨਾ ਤੈਨੂੰ ਤੱਕਣਾ ਲੋਚਾਂ
ਹੁਣ ਨਾ ਸੁਣਨਾ ਚਾਹਵਾਂ
ਉੱਡ ਜਾ ਕਾਲਿਆ ਕਾਵਾਂ...

ਰੋਜ਼ ਦਿਹਾੜੀ ਬੈਠ ਬਨੇਰੇ
ਚੀਕ ਚਿਹਾੜਾ ਪਾਵੇਂ
ਗੱਲੀਂ ਬਾਤੀਂ ਮੱਲੋਮੱਲੀ
ਝੂਠੀ ਆਸ ਬੰਨ੍ਹਾਵੇਂ
ਹੋ ਕੇ ਲਾਲਚਵਸ ਮੈਂ ਤੈਨੂੰ
ਚੂਰੀਆਂ ਕੁੱਟ ਖਵਾਵਾਂ
ਉੱਡ ਜਾ ਕਾਲਿਆ ਕਾਵਾਂ...

ਆਪਣੀ ਆਪਣੀ ਕਿਸਮਤ ਲੈ ਕੇ
ਜੰਮੀਏ ਤੇ ਮਰ ਜਾਈਏ
ਕੁਝ ਘੜੀਆਂ ਖ਼ੁਸ਼ੀਆਂ ਦੇ ਨਾਵੇਂ
ਕੁਝ ਗ਼ਮਾਂ ਦੇ ਲਾਈਏ
ਤੂੰ ਅੰਬਰਾਂ ਦੀ ਹਿੱਕ ਨੂੰ ਗਾਹਵੇਂ
ਮੈਂ ਦਰਦਾਂ ਨੂੰ ਗਾਹਵਾਂ
ਉੱਡ ਜਾ ਕਾਲਿਆ ਕਾਵਾਂ...

ਕੱਲਿਆਂ ਜੀਣ ਦਾ ਹੱਜ ਨਾ ਕੋਈ
ਮਰ ਮਰ ਜੀਣਾ ਪੈਂਦਾ

ਹਰਵਰਿਆਏ ਫੱਟਾਂ ਤਾਈਂ
ਮੁੜ ਮੁੜ ਸੀਣਾ ਪੈਂਦਾ
ਹੌਕੇ ਭਰਦੀ ਭਰਦੀ ਕਿਧਰੇ
ਹੌਕਾ ਨਾ ਹੋ ਜਾਵਾਂ
ਉੱਡ ਜਾ ਕਾਲਿਆ ਕਾਵਾਂ...

ਜੀਹਦੇ ਕੋਲੇ ਦਿਲ ਨੂੰ ਖੋਲ੍ਹਾਂ
ਉਹ ਹੱਸਦੀ ਟੁਰ ਜਾਂਦੀ
ਅੱਜ ਨਾ ਕੋਈ ਸਖੀ ਸਹੇਲੀ
ਮੇਰਾ ਦੁੱਖ ਵੰਡਾਂਦੀ
ਅੰਦਰ ਵੜ ਕੇ ਚੁੱਪ ਚੁਪੀਤੇ
ਰੋਵਾਂ ਤੇ ਕੁਰਲਾਵਾਂ
ਉੱਡ ਜਾ ਕਾਲਿਆ ਕਾਵਾਂ...

ਚੀਸ ਜਹੀ ਇਕ ਤਨ 'ਚੋਂ ਉੱਠੇ
ਰੂਹ ਛਲਣੀ ਕਰ ਜਾਵੇ
ਰੱਤ ਵਿਹੂਣੀ ਮੇਰੀ ਕਾਇਆ
ਮੁੜ ਨਾ ਸੰਭਲ ਪਾਵੇ
ਦੂਹਰੀ ਹੋ ਕੇ ਬਹਿ ਜਾ ਭੋਇੰ
ਪੀੜਾਂ ਨਾ ਜਰ ਪਾਵਾਂ
ਉੱਡ ਜਾ ਕਾਲਿਆ ਕਾਵਾਂ
ਉੱਡ ਜਾ ਕਾਲਿਆ ਕਾਵਾਂ

•

## ਮੌਤ ਨਾਲ ਘੁਲਦੇ ਦੋਸਤ ਦੇ ਨਾਂ

ਕੋਈ ਅੱਜ ਟੁਰਿਆ ਕਿਸੇ ਕੱਲ੍ਹ ਟੁਰਨਾ
ਰਹੇ ਸਾਹ ਸਦੀਵੀ ਕਦੋਂ ਆਦਮੀ ਦੇ
ਹੈ ਸਭਨਾਂ ਨੇ ਟੁਰਨਾ ਮੇਰੇ ਯਾਰ ਇਕ ਦਿਨ
ਹੰਢਾ ਮੌਤ ਨੂੰ ਵਾਂਗ ਤੂੰ ਜ਼ਿੰਦਗੀ ਦੇ

ਮੁਕੱਦਰਾਂ 'ਚ ਤੇਰੇ ਜੋ ਲਿਖਿਆ ਗਿਆ ਸੀ
ਨਾ ਤੈਥੋਂ ਗਿਆ ਇਕ ਛਿਣ ਵੀ ਹੰਢਾਇਆ
ਇਹਨੂੰ ਰਿਸ਼ਤਿਆਂ ਦੀ ਸਿਆਸਤ ਸਮਝ ਲੈ
ਸਿਰਫ਼ ਇਕ ਮਰਨਾ ਤੇਰੇ ਹਿੱਸੇ ਆਇਆ
ਅੱਛਾਈ ਦੇ ਸਾਗਰ ਸਰ ਕਰਦਿਆਂ ਨੂੰ
ਨਾ ਕੁਝ ਹੋਰ ਮਿਲਦਾ ਸਿਵਾ ਬੇਬਸੀ ਦੇ
ਹੈ ਸਭਨਾਂ ਨੇ ਟੁਰਨਾ ਮੇਰੇ ਯਾਰ ਇਕ ਦਿਨ
ਹੰਢਾ ਮੌਤ ਨੂੰ ਵਾਂਗ ਤੂੰ ਜ਼ਿੰਦਗੀ ਦੇ

ਕਿਸੇ ਤੋਂ ਕਿਸੇ ਨੇ ਕੀ ਦੱਸ ਆਸ ਕਰਨੀ
ਰਚੇ ਖ਼ੂਨ ਅੰਦਰ ਫਰੇਬਾਂ ਦੇ ਅੱਖਰ
ਬਹੁਤ ਦੇਰ ਹੋਈ ਦਿਲਾਂ ਨੂੰ ਗੁਜ਼ਰਿਆਂ
ਧੜਕਦੇ ਨੇ ਅੱਜ ਦੀ ਲੁਕਾਈ 'ਚ ਪੱਥਰ
ਕਲਾਵੇ 'ਚ ਆ ਹਾਉਕਿਆਂ ਹਾਵਿਆਂ ਦੇ
ਸਹਿਕ ਸਹਿਕ ਮਰਦੇ ਹਰਫ਼ ਦੋਸਤੀ ਦੇ
ਹੈ ਸਭਨਾਂ ਨੇ ਟੁਰਨਾ ਮੇਰੇ ਯਾਰ ਇਕ ਦਿਨ
ਹੰਢਾ ਮੌਤ ਨੂੰ ਵਾਂਗ ਤੂੰ ਜ਼ਿੰਦਗੀ ਦੇ

ਅਸੀਂ ਕਦ ਸਿਆਣੇ ਸਮਝਦਾਰ ਹੋਏ
ਅਸਾਂ ਵਾਂਗ ਬੱਚਿਆਂ ਹਯਾਤੀ ਲੰਘਾਈ
ਉਹਨੂੰ ਕਹਿਕਹਿਆਂ ਦਾ ਜਹਾਂ ਸੌਂਪ ਦਿੱਤਾ
ਜੀਹਨੇ ਮੁਸਕਰਾ ਸਾਨੂੰ ਉਂਗਲ ਫੜਾਈ

ਮਗਰ ਰਹਿ ਗਿਆ ਤੜਫ਼ ਕੇ ਭਰਮ ਸਾਡਾ
ਜੋ ਕਬਰਾਂ 'ਚ ਵੇਖੇ ਦਫ਼ਨ ਤਨ ਖ਼ੁਸ਼ੀ ਦੇ
ਹੈ ਸਭਨਾਂ ਨੇ ਟੁਰਨਾ ਮੇਰੇ ਯਾਰ ਇਕ ਦਿਨ
ਹੰਢਾ ਮੌਤ ਨੂੰ ਵਾਂਗ ਤੂੰ ਜ਼ਿੰਦਗੀ ਦੇ

ਇਹ ਕੁਝ ਕੁ ਦਿਹਾੜੇ ਨੇ ਸਦੀਆਂ ਦੇ ਸਾਏ
ਅਸਾਡੇ ਲਈ ਯਾਰ ਆਬਾਦ ਕਰ ਦੇ
ਨਾ ਚਿਹਰੇ ਨੂੰ ਇਨ੍ਹਾਂ ਦੀ ਸੱਥ ਬਨਣ ਦੇਈਂ
ਨਿਗਾਹਾਂ 'ਚ ਹੰਝੂਆਂ ਨੂੰ ਬਰਬਾਦ ਕਰ ਦੇ
ਮੁਕੰਮਲ ਜਿਹੇ ਇਕ ਨਜ਼ਾਰੇ ਦੇ ਵਾਕਣ
ਨਜ਼ਰ ਆਉਣ ਸਭ ਨੂੰ ਨਕਸ਼ ਰੌਸ਼ਨੀ ਦੇ
ਹੈ ਸਭਨਾਂ ਨੇ ਟੁਰਨਾ ਮੇਰੇ ਯਾਰ ਇਕ ਦਿਨ
ਹੰਢਾ ਮੌਤ ਨੂੰ ਵਾਂਗ ਤੂੰ ਜ਼ਿੰਦਗੀ ਦੇ

•

# ਉਹ ਲੋਹੜੀ

ਇਕ ਲੋਹੜੀ ਸੀ ਉਹ ਵੀ ਯਾਰੋ
ਰਾਤ ਬਰਾਤੇ ਜੇਹੜੀ ਮੰਗੀ
ਕਾਲਾ ਰਾਮਾ ਸ਼ੱਬਾ ਘੁੱਦਾ
ਅਕਸਰ ਹੁੰਦੇ ਮੇਰੇ ਸੰਗੀ

ਇਕ ਪਜਾਮੇ ਫਾਂਟਾਂ ਵਾਲੇ
ਦੂਜਾ ਖੱਦਰ ਵਾਲੇ ਝੱਗੇ
ਇਸ ਦਿਨ ਸਭਨੇ ਪਹਿਨੇ ਹੁੰਦੇ
ਟੌਹਰ ਟਪੱਕਾ ਪੂਰਾ ਲੱਗੇ

ਠੰਡਾ ਠਮੱਕਾ ਕਿੱਥੇ ਲੱਗਦਾ
ਮੰਨਦੇ ਕਦੇ ਨਾ ਰੁੱਤ ਸਿਆਲੀ
ਸੂਰਜ ਢਲਦੇ ਨਿਕਲ ਟੁਰਦੇ
ਬੁੱਕਲ ਮਾਰੀ ਖੇਸੀਆਂ ਵਾਲੀ

ਹੇਕ ਲਗਾਉਂਦਾ ਉੱਚੀ ਰਾਮਾ
ਸੁੰਦਰ ਮੁੰਦਰੀਏ ਦੀ 'ਜੋ'
ਸਾਰੇ ਮਿਲ ਕੇ ਇਕੋ ਸੁਰ ਵਿਚ
ਪਿੱਛੇ ਪਿੱਛੇ ਕਹਿੰਦੇ 'ਹੋ'

ਇਕ ਤੋਂ ਦੋ ਤੇ ਫਿਰ ਘਰ ਤੀਜੇ
ਮੱਲੋਮੱਲੀ ਪਿੰਡ ਗਾਹ ਲੈਂਦੇ
ਚਾਅ ਲੋਹੜੀ ਦਾ ਏਨਾ ਹੁੰਦਾ
ਕਿਤੇ ਨਾ ਇਕ ਪਲ ਵੀ ਸਾਹ ਲੈਂਦੇ

ਕੋਈ ਦੇਂਦਾ ਕਣਕ ਤੇ ਮੱਕੀ
ਕੋਈ ਦੇਂਦਾ ਗੁੜ ਦੀ ਰੋੜੀ

ਇਕ ਰੁਪਈਆ ਓਹੀਓ ਦੇਂਦਾ
ਹੁੰਦੀ ਜੀਹਦੇ ਘਰ ਵਿਚ ਲੋਹੜੀ

ਰਾਤ ਗਈ ਤੱਕ ਹੋ ਕੇ ਵੇਹਲੇ
ਹੱਸ ਹੱਸ ਵੰਡ ਵੰਡਈਆ ਕਰਦੇ
ਇਕ ਦੂਜੇ ਨੂੰ ਪਾ ਕੇ ਜੱਫ਼ੀ
ਆਪੋ ਆਪਣੇ ਘਰੀਂ ਜਾ ਵੜਦੇ

ਉਹ ਨਿਰਛਲ ਤੇ ਨਿੱਘੀ ਜੱਫ਼ੀ
ਵਿਸਰ ਗਈ ਏ ਥੋੜੀ ਥੋੜੀ
'ਧਾਪ' ਨਾ ਭੁੱਲਦੀ ਉਮਰਾ ਸਾਰੀ
ਬਾਲ ਵਰੇਸੇ ਮੰਗੀ ਲੋਹੜੀ।

•

## ਕੰਡਿਆ ਵੇ

ਇਕ ਚੁਭਨ ਦੇਈਂ ਵੇ ਕੰਡਿਆ
ਚੱਲੇ ਸਫ਼ਰ ਤਮਾਮ
ਰੱਖੇ ਤੋਰੀ ਕਰਨ ਦਵੇ ਨਾ
ਇਕ ਪਲ ਵੀ ਆਰਾਮ

ਕੱਲ੍ਹ ਤੀਕਰ ਸਾਂ ਮੈਂ ਇਕ ਲਾੜਾ
ਜਾਂਜੀ ਸੱਜਣ ਬੇਲੀ
ਆਪਣੀ ਵੱਲੋਂ ਵਸਲ ਵਿਆਹੀ
ਦੁਲਹਨ ਨਵੀਂ ਨਵੇਲੀ
ਮੇਰੇ ਵੇਂਹਦੇ ਵੇਂਹਦੇ ਕੀਤੀ
ਕਿਸਮਤ ਨੇ ਅਠਖੇਲੀ
ਘੁੰਡ ਉਠਾਇਆ ਕਹਿੰਦੀ ਮੇਰਾ
ਤਨਹਾਈ ਏ ਨਾਮ
ਇਕ ਚੁਭਨ ਦੇਈਂ ਵੇ ਕੰਡਿਆ
ਚੱਲੇ ਸਫ਼ਰ ਤਮਾਮ

ਨਾ ਮੇਰੀ ਅੱਖ ਲੱਗਣ ਦੇਵੇਂ
ਨਾ ਤੂੰ ਆਪੂੰ ਸੌਂਵੇਂ
ਕੀ ਚਾਹਵੇਂ ਰੱਬ ਕੋਲੋਂ ਰਾਤੀਂ
ਹੱਥ ਉਠਾ ਕੇ ਦੋਵੇਂ
ਪੁੱਛਦਾ ਹਾਂ ਮੈਂ ਦਿਲ ਨੂੰ ਕੀਕਣ
ਹੱਸਦਾ ਹੱਸਦਾ ਰੋਵੇਂ
ਕਹਿੰਦਾ ਪੁੱਛਦਾ ਕਿੰਨੇ ਹੰਝੂ
ਹਾਲੇ ਮੇਰੇ ਨਾਮ
ਇਕ ਚੁਭਨ ਦੇਈਂ ਵੇ ਕੰਡਿਆ
ਚੱਲੇ ਸਫ਼ਰ ਤਮਾਮ

ਉੱਡਣੇ ਸੱਪ ਸਿਰੀਆਂ ਤੋਂ ਚੌੜੇ
ਆਪਸ ਵਿਚ ਟਕਰਾਏ
ਖ਼ਾਬ ਤ੍ਰਭਕੇ ਟੁੱਟੇ ਨਾਲੇ
ਸਹਿਮੇ ਤੇ ਘਬਰਾਏ
ਹਾਰ ਗਿਆ ਮੈਂ ਯਤਨ ਕਰੇਂਦਾ
ਰਿਸ਼ਤੇ ਸਮਝ ਨਾ ਆਏ
ਕਦ ਮੈਂ ਜਬਰੀਂ ਕੂੰਜਾਂ ਲਾਹੀਆਂ
ਕਦ ਮੈਂ ਵੱਟੇ ਦਾਮ
ਇਕ ਚੁਭਨ ਦੇਈਂ ਵੇ ਕੰਡਿਆ
ਚੱਲੇ ਸਫ਼ਰ ਤਮਾਮ।

•

## ਨਾਨਕ ਨੂੰ

ਮੁੱਖ ਨਾ ਸਾਥੋਂ ਮੋੜ ਬਾਬਾ ਨਾਨਕਾ
ਡਾਢੀ ਤੇਰੀ ਲੋੜ ਬਾਬਾ ਨਾਨਕਾ

ਕੌਡੇ ਸ਼ਾਹਾਂ ਤੇ ਵਲੀ ਕੰਧਾਰੀਆਂ
ਕੁੱਖਾਂ ਅੰਦਰ ਰੋਜ਼ ਧੀਆਂ ਮਾਰੀਆਂ
ਰੂਹਾਂ ਨੂੰ ਝੰਜੋੜ ਬਾਬਾ ਨਾਨਕਾ

ਧਰਮ ਪੂੰਜੀ ਬਣ ਗਏ ਵਿਉਪਾਰ ਦੀ
ਬੋਲਦੀ ਤੂਤੀ ਹੈ ਠੇਕੇਦਾਰ ਹੈ
ਥਾਈਂ ਥਾਈਂ ਖੋੜ ਬਾਬਾ ਨਾਨਕਾ

ਕੂੜ ਹੈ ਪਰਧਾਨ ਟਾਹਰਾਂ ਮਾਰਦਾ
ਸੱਚ ਤਾਂ ਇਨਸਾਫ਼ ਮੰਗਦਾ ਹਾਰਦਾ
ਮੌਤ ਰੱਖਦਾ ਓੜ ਬਾਬਾ ਨਾਨਕਾ

ਕੱਲ੍ਹ ਵਾਂਗੂੰ ਅੱਜ ਵੀ ਕਾਮਯਾਬ ਨੇ
ਓੜ ਰੱਖੇ ਬਾਬਰਾਂ ਨਕਾਬ ਨੇ
ਲੁੱਟ ਦੀ ਲੱਗੀ ਹੋੜ ਬਾਬਾ ਨਾਨਕਾ

ਊਚ ਨੀਚ, ਜਾਤ-ਪਾਤ 'ਤੇ ਜ਼ੋਰ ਨੇ
ਵਿਚ ਦਿਲਾਂ ਇਨਸਾਨੀਅਤ ਦੇ ਚੋਰ ਨੇ
ਦੂਰ ਕਰ ਦੇ ਕੋਹੜ ਬਾਬਾ ਨਾਨਕਾ

ਰਹਿਣ ਦਿੱਤੀ ਕੋਈ ਪੀਡੀ ਗੰਢ ਨਾ
ਤੂੰ ਕਦੇ ਸਵੀਕਾਰਿਆ ਪਾਖੰਡ ਨਾ
ਕਰ ਦੇ ਫਿਰ ਨਿਚੋੜ ਬਾਬਾ ਨਾਨਕਾ

ਹੋ ਰਿਹਾ ਨਿੱਤ ਬਾਣੀਆਂ ਦਾ ਪਾਠ ਹੈ
ਭਾਵ ਨਾ ਸਮਝਣ ਵਫ਼ਾ ਦੀ ਘਾਟ ਹੈ
ਅਮਲ ਦੇ ਨਾਲ ਜੋੜ ਬਾਬਾ ਨਾਨਕਾ

ਪੜ੍ਹ ਕੇ ਮੈਂ ਜਪੁਜੀ ਦੇ ਸੱਚ ਆਚਾਰ ਨੂੰ
ਢੂੰਡਦਾ ਅਕਸਰ ਮੁਹੱਬਤ ਪਿਆਰ ਨੂੰ
ਜਿਸ ਦੀ ਜੱਗ 'ਤੇ ਥੋੜ ਬਾਬਾ ਨਾਨਕਾ

ਬਾਤ ਪਾਈ ਹੈ ਤੇ ਕੀਤੀ ਇਲਤਜਾ
ਭਰ ਹੁੰਗਾਰਾ ਧਾਪ ਸੱਚੇ ਪਾਤਸ਼ਾਹ
ਕਰ ਨਾ ਤੋੜ ਵਿਛੋੜ ਬਾਬਾ ਨਾਨਕਾ

•

# ਅਮਨਾਂ ਦੇ ਰਾਖਿਓ

ਅਮਨਾਂ ਦੇ ਰਾਖਿਓ ਖ਼ਿਆਲ ਰੱਖਿਓ
ਫੁੱਲਾਂ ਜਿਹੇ ਹਿੰਦ ਨੂੰ ਸੰਭਾਲ ਰੱਖਿਓ

ਸੱਪ ਫੁੰਕਾਰ ਰਹੇ ਵੀਰੋ ਹੱਦੋਂ ਪਾਰ ਨੇ
ਬਾਜ ਜਹੀਆਂ ਨਜ਼ਰਾਂ ਹੀ ਅੱਜ ਦਰਕਾਰ ਨੇ
ਚੱਪਾ-ਚੱਪਾ ਅੱਖੀਆਂ 'ਚ ਢਾਲ ਰੱਖਿਓ

ਉੱਤੋਂ ਕੁਝ ਹੋਰ ਨੇ ਉਹ ਵਿਚੋਂ ਕੁਝ ਹੋਰ ਨੇ
ਵੈਰੀਆਂ ਦੀ ਚੁੱਪ 'ਚ ਤੂਫ਼ਾਨਾਂ ਜਹੇ ਸ਼ੋਰ ਨੇ
ਜੋਸ਼ ਅਤੇ ਹੋਸ਼ ਨਾਲੋ-ਨਾਲ ਰੱਖਿਓ

ਮੰਗਦੀਆਂ ਜਾਗ ਬਸ ਸਦਾ ਪਹਿਰੇਦਾਰੀਆਂ
ਸੁੱਤੀ ਜਿਹੜੀ ਕੌਮ ਉਹਨੇ ਸਰਹੱਦਾਂ ਹਾਰੀਆਂ
ਨੀਂਦਰਾਂ ਤੇ ਘੋਖ ਪੜਤਾਲ ਰੱਖਿਓ

ਮਿੱਟੀ ਵਾਲੇ ਸ਼ੇਰ ਬਹੁਤਾ ਚਿਰ ਨਹੀਂ ਗੱਜਦੇ
ਯੋਧਿਆਂ ਦੀ ਇਕ ਹੀ ਦਹਾੜ ਉੱਤੇ ਭੱਜਦੇ
ਦਿਲਾਂ ਵਿਚ ਰਿੱਝਦਾ ਭੂਚਾਲ ਰੱਖਿਓ

ਸਾਰੀਆਂ ਅਸੀਸਾਂ 'ਤੇ ਦੁਆਵਾਂ ਤੁਸਾਂ ਨਾਲ ਨੇ
ਹਿੰਦੂ ਸਿੱਖ ਮੁਸਲਿਮ ਬਾਹਵਾਂ ਤੁਸਾਂ ਨਾਲ ਨੇ
ਹਿੰਮਤਾਂ ਦੀ ਜਗਦੀ ਮਿਸ਼ਾਲ ਰੱਖਿਓ

'ਧਾਪ' ਹੋਈ ਕਈ ਵੇਰਾਂ ਹੋਜੇ ਕਿਤੇ ਫੇਰ ਨਾ
ਠੰਡੀਆਂ ਹਵਾਵਾਂ ਤਾਈਂ ਧੁੱਪ ਲਵੇ ਘੇਰ ਨਾ
ਮੌਸਮਾਂ ਦੇ ਨਾਲ ਸੁਰਤਾਲ ਰੱਖਿਓ

•

# ਕੀਮਤ

ਤੂੰ ਕੀ ਮੇਰੀ ਕੀਮਤ ਪਾਣੀ
ਤੇਰੀ ਹਾਲੇ ਸਮਝ ਨਿਆਣੀ
ਜਿਸ ਦਿਨ ਤੈਨੂੰ ਸਮਝ ਹੈ ਆਣੀ
ਉਸ ਦਿਨ ਤੇਰੀ ਰੁੱਤ ਮਰ ਜਾਣੀ

ਅੱਜ ਮੇਰੇ ਜਿਸਮ ’ਤੇ ਛਾਲੇ
ਤੈਨੂੰ ਤਾਂ ਦਿਸਦੇ ਨਾ ਹਾਲੇ
ਤੇਰੇ ਨੈਣਾਂ ਪਰਦੇ ਪਾਲੇ
ਰਾਤਾਂ ਵਰਗੇ ਕਾਲੇ ਕਾਲੇ

ਮੈਂ ਹੰਝੂਆਂ ਦੇ ਦਰਿਆ ਰੋੜਾਂ
ਇਕ ਪਲ ਵੀ ਨਾ ਪਾਸਾ ਮੋੜਾਂ
ਮੁੜ ਮੁੜ ਅੱਗ ਦੇ ਉੱਤੇ ਰੋੜਾਂ
ਅੰਦਰ ਉੱਠਦਾ ਸੇਕ ਸਕੋੜਾਂ

ਪਰ ਜੋ ਮੇਰੇ ਅੱਗ ਵਰ੍ਹਦੀ ਹੈ
ਕੋਲਾ ਕੋਲਾ ਸਭ ਕਰਦੀ ਹੈ
ਹਰ ਪਲ ਅੰਦਰ ਹੀ ਤਰਦੀ ਹੈ
ਭੋਰਾ ਜਿੰਨਾ ਨਾ ਡਰਦੀ ਹੈ

ਅੱਜ ਮੈਂ ਇਸ ਦੇ ਅੰਦਰ ਸੜਦਾ
ਹੱਡੀਆਂ ਤਾਈਂ ’ਕੱਠਾ ਕਰਦਾ
ਜਿਸ ਨੇ ਮੈਨੂੰ ਕਰਨਾ ਪਰਦਾ
ਉਸ ਮਿੱਟੀ ਦੀ ਭਾਸ਼ਾ ਪੜ੍ਹਦਾ

ਮੈਂ ਤਲੀਆਂ ਦੇ ਉਪਰ ਰੱਖਦਾ
ਨਾਲੇ ਵੇਂਹਦਾ ਨਾਲੇ ਹੱਸਦਾ

ਗੱਲੀਂ-ਬਾਤੀਂ ਰਹਿੰਦਾ ਦੱਸਦਾ
ਮਿੱਟੀਏ ਮੇਰਾ ਤੱਕੀਂ ਰਸਤਾ

ਇਕ ਦਿਨ ਪੁੱਜਣਾ ਤੇਰੇ ਤਾਈਂ
ਵੇਖੀਂ ਮੈਨੂੰ ਨਾ ਟਰਕਾਈਂ
ਮੇਰੇ 'ਤੇ ਇਲਜ਼ਾਮ ਨਾ ਲਾਈਂ
ਵਫ਼ਾ ਵਫ਼ਾ ਨਾ ਆਖ ਸੁਣਾਈਂ

ਮਿੱਟੀ ਹੱਸਦੀ ਹੱਸਦੀ ਰਹਿਣਾ
ਮੈਂ ਹਾਂ ਜਿਥੇ ਓਥੇ ਰਹਿਣਾ
ਮੈਂ ਕਦ ਤੈਨੂੰ ਮੁੜ ਜਾ ਕਹਿਣਾ
ਆਵੀਂ ਮੈਂ ਜੀ ਆਇਆਂ ਕਹਿਣਾ

ਮਿੱਟੀ ਨੇ ਮੇਰਾ ਮੁੱਲ ਪਾਣਾ
ਤੇਰੇ ਵਾਂਗਰ ਨਾ ਠੁਕਰਾਣਾ
ਚਾਈਂ ਚਾਈਂ ਗਲ ਨਾਲ ਲਾਣਾ
ਅਸਾਂ ਫੇਰ ਇਕਮਿਕ ਹੋ ਜਾਣਾ

ਮਗਰ ਜੋ ਤੇਰੇ ਹਿੱਸੇ ਆਣਾ
ਕਈ ਅੱਗਾਂ ਦਾ ਹੋਣਾ ਲਾਣਾ
ਜਿਸ ਨੇ ਤੇਰਾ ਰੰਗ ਖਾ ਜਾਣਾ
ਸੜ ਬਲ ਤੂੰ ਕੋਲਾ ਹੋ ਜਾਣਾ

ਫਿਰ ਤੂੰ ਮੇਰੀ ਕੀਮਤ ਪਾਣੀ
ਫਿਰ ਹੀ ਤੈਨੂੰ ਸਮਝ ਹੈ ਆਣੀ
ਪਰ ਜਦ ਤੈਨੂੰ ਸਮਝ ਹੈ ਆਣੀ
ਉਸ ਦਿਨ ਤੇਰੀ ਰੁੱਤ ਮਰ ਜਾਣੀ

•

## ਮਾਏ ਤੇਰੇ ਕਿੰਨੇ ਨਾਂ

ਨਿੱਘੀ ਧੁੱਪ ਤੇ ਠੰਡੀ ਛਾਂ,
ਮਾਏ ਤੇਰੇ ਕਿੰਨੇ ਨਾਂ।
ਵਾਰੀ ਜਾਂ ਤੇ ਸਦਕੇ ਜਾਂ,
ਮਾਏ ਤੇਰੇ ਕਿੰਨੇ ਨਾਂ।

ਤੇਰੇ ਢਿੱਡ ਦੀ ਆਂਦਰ ਸਾਂ,
ਨੰਨ੍ਹੀ ਚੁੱਪ ਦੇ ਵਾਂਗਰ ਸਾਂ,
ਤੂੰਹੋ ਸਿਖਾਏ ਹੂੰ ਤੇ ਹਾਂ।
ਮਾਏ ਤੇਰੇ ਕਿੰਨੇ ਨਾਂ।

ਰੀਂ ਰੀਂ ਕਰਦਾ ਰਹਿੰਦਾ ਮੈਂ,
ਬੀਬੀ ਬੀਬੀ ਕਹਿੰਦਾ ਮੈਂ,
ਲਾਡ ਲਡਾਉਂਦੀ ਚੁੱਕ ਉਤਾਂਹ।
ਮਾਏ ਤੇਰੇ ਕਿੰਨੇ ਨਾਂ।

ਰੁੱਸਦਾ ਝੱਟ ਮਨਾਉਂਦੀ ਤੂੰ,
ਸਾਂਗਾਂ ਲਾ ਹਸਾਉਂਦੀ ਤੂੰ,
ਹੱਸਦਾ ਹੱਸਦਾ ਲਿਟਦਾ ਸਾਂ।
ਮਾਏ ਤੇਰੇ ਕਿੰਨੇ ਨਾਂ।

ਸੌਂਦਾ ਸਾਂ ਮੈਂ ਰਾਤਾਂ ਨੂੰ,
ਸੁਣ ਕੇ ਤੇਰੀਆਂ ਬਾਤਾਂ ਨੂੰ,
ਰਾਜਾ ਰਾਣੀ ਚਿੜੀ ਤੇ ਕਾਂ।
ਮਾਏ ਤੇਰੇ ਕਿੰਨੇ ਨਾਂ।

ਟਾਂਗੇ ਵਿਚ ਬਿਠਾਂਦੀ ਤੂੰ,
ਲੈ ਨਾਨਕੇ ਜਾਂਦੀ ਤੂੰ,

ਬੂਟੀਆਂ ਵਾਲੀ ਪੱਗ ਬੰਨਾਂ।
ਮਾਏ ਤੇਰੇ ਕਿੰਨੇ ਨਾਂ।

ਮੂੰਹ 'ਚੋਂ ਦੁੱਧ ਦੀਆਂ ਧਾਰਾਂ ਦਾ,
ਰਿਸ਼ਤਾ ਗੰਢਦੀ ਪਿਆਰਾਂ ਦਾ,
ਜਦ ਜਦ ਬਹਿੰਦੀ ਚੋਵਣ ਗਾਂ।
ਮਾਏ ਤੇਰੇ ਕਿੰਨੇ ਨਾਂ।

ਮੋਢੇ ਉੱਤੇ ਬਸਤਾ ਪਾ,
ਕਹਿੰਦੀ ਪੁੱਤ ਸਕੂਲੇ ਜਾ,
ਵੱਡਾ ਅਫ਼ਸਰ ਬਣਨਾ ਤਾਂ।
ਮਾਏ ਤੇਰੇ ਕਿੰਨੇ ਨਾਂ।

ਵਿਸਰ ਗਈਆਂ ਭਾਵੇਂ ਨੇ,
ਕੁਝ ਕੁਝ ਅੱਖੀਆਂ ਸਾਹਵੇਂ ਨੇ,
ਗੱਲਾਂ ਬਾਲ ਵਰੇਸ ਦੀਆਂ।
ਮਾਏ ਤੇਰੇ ਕਿੰਨੇ ਨਾਂ।

•

## ਆੜੀ

ਇਕ ਤਾਰੇ ਸੰਗ ਆੜੀ ਲਾਈ
ਉਸਨੇ ਵੀ ਤਾਂ ਖ਼ੂਬ ਨਿਭਾਈ

ਉਹ ਵੀ ਜਾਗੇ ਮੈਂ ਵੀ ਜਾਗਾਂ
ਦਿਲ ਦੀਆਂ ਬਹਿਨੇ ਖੋਲ੍ਹ ਕਿਤਾਬਾਂ
ਕਿਸੇ ਨਾ ਕੋਈ ਗੱਲ ਲੁਕਾਈ

ਮੈਂ ਧਰਤੀ 'ਤੇ ਉਹ ਗਗਨ 'ਤੇ
ਪੈਂਡਾ ਬੰਦਿਸ਼ ਨਹੀਂ ਲਗਨ 'ਤੇ
ਦੂਰੀ ਕਿਰਨਾਂ ਵਾਂਗ ਮੁਕਾਈ

ਜਦ ਕੋਈ ਬੱਦਲੀ ਛਾ ਜਾਂਦੀ ਏ
ਉਹਦੀ ਸ਼ਾਮਤ ਆ ਜਾਂਦੀ ਏ
ਔਖੀ ਹੁੰਦੀ ਫੇਰ ਜੁਦਾਈ

ਬੇਸ਼ਕ ਉਹ ਰਾਤਾਂ ਦਾ ਜਾਇਆ
ਮੇਰੇ ਲਈ ਚਾਨਣ ਲੈ ਆਇਆ
ਰਵਾਂ ਹਮੇਸ਼ਾਂ ਭਰੀ ਭਰਾਈ

ਦੁੱਖੜੇ ਸੋਚਾਂ ਪਰ ਨਾ ਰੋਵਾਂ
ਲੱਗਦਾ ਜੀਕਣ ਤਰ ਗਈ ਹੋਵਾਂ
ਮਿਲ ਗਈ ਮੁਕਤੀ ਬਣੀ ਬਣਾਈ

•

## ਮੈਂ ਕੌਣ ?

ਮੇਰਾ ਦਰਦ ਹੈ ਪਾਤਾਲ ਦਾ
ਮੇਰੀ ਪੀੜ ਹੈ ਅਸਮਾਨ ਦੀ
ਚਾਹੋ ਜੇ ਮੈਨੂੰ ਜਾਣਨਾ
ਪੜ੍ਹ ਲੈਣਾ ਰੂਹ ਮੁਸਕਾਨ ਦੀ

ਮੇਰਾ ਜੀਣ ਵੀ ਅਜੀਬ ਹੈ
ਕੋਈ ਰੀਝ ਨਾ ਕੋਈ ਸ਼ੌਕ ਨਾ
ਨਿੱਤ ਮੌਤ ਵੇਖਾਂ ਸਰਸਰੀ
ਬਣਦੀ ਸਹੇਲੀ ਜਾਨ ਦੀ

ਜਿਸ ਡਗਰ ਉੱਤੇ ਟੁਰ ਰਿਹਾ
ਕੰਡੇ 'ਤੇ ਸੂਲਾਂ ਆਮ ਨੇ
ਮੈਂ ਜਿਸ ਨੂੰ ਪਾਉਣਾ ਲੋਚਦਾ
ਮੰਜ਼ਿਲ ਹੈ ਕਿਸ ਜਹਾਨ ਦੀ

ਮੇਰੇ ਨਾਲ ਹੁੰਦੇ ਹਾਦਸੇ
ਇਤਫ਼ਾਕ ਨੇ ਜਾਂ ਲੇਖ ਨੇ
ਹੈ ਪਰਖ ਮੇਰੇ ਸਬਰ ਦੀ
ਜਾਂ ਫਿਰ ਮੇਰੇ ਭਗਵਾਨ ਦੀ

ਵੇਖਣ ਨੂੰ ਲੱਗਦਾ ਬੁੱਝ ਰਿਹਾ
ਪਰ ਦੋਸਤੋ ਹਾਂ ਜਾਗਦਾ
ਇਹ ਜਾਗ ਹੈ ਕੁੱਝ ਦੀਨ ਦੀ
ਇਹ ਜਾਗ ਕੁੱਝ ਈਮਾਨ ਦੀ

ਜੋ ਪਾਇਆ ਓਹ ਮੇਰਾ ਨਹੀਂ
ਜੋ ਗਵਾਇਆ ਓਹ ਮੇਰਾ ਨਹੀਂ
ਇਹ ਭੇਦ ਹੈ ਬ੍ਰਹਿਮੰਡ ਦਾ
ਇਹ ਰਮਜ਼ ਗੀਤਾ ਗਿਆਨ ਦੀ

•

## ਸ਼ਿਵ ਨੂੰ

ਤੇਰੇ ਗ਼ਮ ਦੀ ਲੰਮੀ ਰਾਤ ਸੀ
ਮੇਰੇ ਗ਼ਮ ਦਾ ਓਹੀਓ ਹਾਲ ਹੈ
ਬਸ ਫ਼ਰਕ ਹੈ ਏਨਾ ਕੁ ਹੀ
ਮੇਰੇ ਗ਼ਮ ਦਾ ਦਿਨ ਵੀ ਨਾਲ ਹੈ

ਮੈਂ ਆਦਮੀ ਸਾਦਾ ਜਿਹਾ
ਹੁਸ਼ਿਆਰੀਆਂ ਦਾ ਰੋਲਿਆ
ਮੇਰੇ ਚੁਫ਼ੇਰੇ ਪਸਰਿਆ
ਕਈ ਮੱਕੜੀਆਂ ਦਾ ਜਾਲ ਹੈ

ਇਕ ਦੌਰ ਐਸਾ ਗੁਜ਼ਰਿਆ
ਸਾਹਾਂ 'ਚ ਜੀਹਦੇ ਪੀੜ ਸੀ
ਇਕ ਦੌਰ ਐਸਾ ਚੱਲ ਰਿਹਾ
ਸਾਹਾਂ 'ਚ ਜੀਹਦੇ ਕਾਲ ਹੈ

ਮੈਨੂੰ ਚਿੱਤ ਰਣੇ ਲਲਕਾਰਦਾ
ਕੋਈ ਗੀਤ ਲਿਖ ਮੁਸਕਾਨ 'ਤੇ
ਜਦ ਕਲਮ ਦੀ ਰਾਏ ਲਈ
ਓਹਨੇ ਕੀਤੀ ਪੁੱਛ ਪੜਤਾਲ ਹੈ

ਪੁੱਟੀ ਪੁਲਾਂਘ ਜਦ ਕਦੇ
ਕੰਡਿਆਂ ਬਿਆਈਆਂ ਕੀਲੀਆਂ
ਅਣਹੋਣੀਆਂ ਨੇ ਝਿੜਕਿਆ
ਲੇਖਾਂ ਨੇ ਕੱਢੀ ਗਾਲ੍ਹ ਹੈ

ਹਰਫ਼ਾਂ ਨੂੰ ਦੇ ਕੇ ਅਗਨੀਆਂ
ਆਪੇ ਈ ਚੁੱਗਦਾ ਫੁੱਲ ਹਾਂ
ਮੌਤਾਂ ਨੇ ਅਚਨਚੇਤ ਏਹ
ਜਾਂ ਫਿਰ ਸਮੇਂ ਦੀ ਚਾਲ ਹੈ

•

## ਐ ਫੁੱਲ

ਐ ਫੁੱਲ ਮੇਰੇ, ਤੇਰੇ ਲਈ ਮੈਂ
ਚੁਭਨ ਕੰਡਿਆਂ ਦੀ ਜਰੀ ਜਾ ਰਿਹਾ ਹਾਂ
ਰਵੇਂ ਮਹਿਕਦਾ ਤੂੰ ਹਮੇਸ਼ਾਂ ਹਮੇਸ਼ਾਂ
ਨਿੱਤ ਹੀ ਦੁਆਵਾਂ ਕਰੀ ਜਾ ਰਿਹਾ ਹਾਂ

ਅਗਰ ਤੂੰ ਨਾ ਖਿੜਦੋਂ ਕਸਮ ਤੇਰੇ ਦਿਲ ਦੀ
ਮੈਂ ਸਾਹਵਾਂ ਤੋਂ ਆਪਣਾ ਮੂੰਹ ਮੋੜ ਲੈਂਦਾ
ਕਦੇ ਵਿਹਲ ਹੋਈ ਕਰਾਵਾਂਗਾ ਵਾਕਿਫ਼
ਕਿ ਤਿਲ ਤਿਲ ਕੇਵੇਂ ਮਰੀ ਜਾ ਰਿਹਾ ਹਾਂ

ਜ਼ਿੰਦਗੀ ਗੁੰਮਸੁਮ ਟੁਰੀ ਜਾ ਰਹੀ ਹੈ
ਨਾ ਥਹੁ ਠੇਡਿਆਂ ਦੀ ਨਾ ਥਹੁ ਠੋਕਰਾਂ ਦੀ
ਸ਼ੁਦਾਈ ਜਿਹਾ ਮੈਂ ਥਕਾਵਟ ਤੋਂ ਆਕੀ
ਕਦਮ ’ਤੇ ਕਦਮ ਬਸ ਧਰੀ ਜਾ ਰਿਹਾ ਹਾਂ

ਹੈ ਅਫ਼ਸੋਸ ਮੈਨੂੰ ਕਿ ਰਾਤਾਂ ਦੇ ਸਾਏ
ਕਦੇ ਵੀ ਨਾ ਹੋਏ ਵਫ਼ਾਦਾਰ ਮੇਰੇ
ਬੇਚੈਨੀ ’ਚ ਅਕਸਰ ਉਨੀਂਦੇ ਨਿਗਾਹੀਂ
ਜ਼ਰੂਰੀ ਸਮਝ ਕੇ ਭਰੀ ਜਾ ਰਿਹਾ ਹਾਂ

ਨਾ ਲੇਖਾਂ ’ਤੇ ਮੇਰੀ ਹਕੂਮਤ ਹੈ ਕੋਈ
ਨਾ ਹੀ ਜ਼ੋਰ ਕੋਈ ਮੁਕੱਦਰਾਂ ’ਤੇ ਮੇਰਾ
ਮੈਂ ਬੇਸੁੱਧ ਜਿਹਾ ਪਰਖਦਾ ਪੀੜ ਤਾਈਂ
ਹੋਣੀ ਦੇ ਸਾਗਰ ਤਰੀ ਜਾ ਰਿਹਾ ਹਾਂ

•

## ਸਲਾਹ

ਲੱਚਰ ਜਿਹੇ ਗੀਤਾਂ ਦੀ
ਨਾ ਦੌੜ ਲਗਾਓ ਓਏ
ਜੇ ਗਾਉਣਾ ਚਾਹੁੰਦੇ ਓ
ਸੁਥਰਾ ਜਿਹਾ ਗਾਓ ਓਏ

ਸੁਣ ਸ਼ੋਰ ਸ਼ਰਾਬੇ ਨੂੰ
ਵਿਰਸਾ ਨਾ ਡਰ ਜਾਵੇ
ਉੱਚਿਆਂ ਸੰਸਕਾਰਾਂ ਦੀ
ਨਾ ਸ਼ੋਭਾ ਮਰ ਜਾਵੇ
ਹਰ ਕਦਰ ਤੇ ਕੀਮਤ ਨੂੰ
ਨਾ ਰੋਲੀ ਜਾਓ ਓਏ

ਗੱਲ ਗੱਲ 'ਤੇ ਕੁੜੀਆਂ ਨੂੰ
ਕਿਉਂ ਭੰਡੀ ਜਾਂਦੇ ਓ
ਉਨ੍ਹਾਂ ਲਈ ਲਾਹਨਤ ਹੀ
ਕਿਉਂ ਵੰਡੀ ਜਾਂਦੇ ਓ
ਅਕਲਾਂ ਤੋਂ ਕੰਮ ਲਓ
ਹੱਥ ਸ਼ਰਮ ਨੂੰ ਪਾਓ ਓਏ

ਭੰਗੜਾ ਤੇ ਗਿੱਧਾ ਤਾਂ
ਸਾਡੀ ਰੂਹ ਵਿਚ ਵੱਸੇ ਨੇ
ਹੱਥਾਂ 'ਚ ਤੁਹਾਡੇ ਆ
ਏਹ ਕਦੇ ਨਾ ਹੱਸੇ ਨੇ
ਏਹਨਾਂ ਦੀ ਐਵੇਂ ਨਾ
ਦੁਰਗਤ ਬਣਾਓ ਓਏ

ਛਿੱਕੇ 'ਤੇ ਟੰਗ ਦੇਂਦੇ
ਸਭੇ ਰਹੁ ਰੀਤਾਂ ਨੂੰ

ਬਸ ਸੁੱਤੇ ਸੁੱਤੇ ਹੀ
ਲਿਖਦੇ ਜੋ ਗੀਤਾਂ ਨੂੰ
ਉਨ੍ਹਾਂ ਫ਼ਰਜ਼ੀ ਕਵੀਆਂ ਨੂੰ
ਨਾ ਮੂੰਹ ਨਾਲ ਲਾਓ ਓਏ

ਬਹਿ ਕੇ ਪਰਿਵਾਰ 'ਚ ਤਾਂ
ਮੁਸ਼ਕਿਲ ਸੁਣ ਪਾਣਾ ਏ
ਲਫ਼ਜ਼ਾਂ ਦੀ ਹੋਂਦ ਖੁਣੋਂ
ਨੀਰਸ ਹਰ ਗਾਣਾ ਏ
ਸੁਥਰੇ ਮਨੋਰੰਜਨ ਦੀ
ਚਲੋ ਕਸਮ ਉਠਾਓ ਓਏ

ਗਾਇਕੀ ਦਾ ਮਤਲਬ ਨਹੀਂ
ਹੇਕਾਂ ਨੂੰ ਲਮਕਾਉਣਾ
ਗਾਇਕੀ ਤਾਂ ਪੂਜਾ ਹੈ
ਗਾਇਕੀ ਰੱਬ ਨੂੰ ਪਾਉਣਾ
ਖ਼ੁਦ ਸਮਝੋ ਭਾਵਾਂ ਨੂੰ
ਨਾਲੇ ਸਮਝਾਓ ਓਏ

ਥੱਕੇ ਹਾਂ ਢੂੰਡ ਅਸੀਂ
ਕਿਤੇ ਮਿਲੀਆਂ ਨਹੀਂ ਹਾਲਾਂ
ਕਿਧਰੇ ਗੁੰਮ ਹੋ ਗਈਆਂ
ਤਰਜ਼ਾਂ ਤੇ ਸੁਰਤਾਲਾਂ
ਕਰ 'ਧਾਪ' ਯਤਨ ਸੁੱਚੇ
ਕੁਝ ਨਵਾਂ ਦਿਖਾਓ ਓਏ

•

## ਅੱਜ ਤੇ ਕੱਲ੍ਹ

### *ਅੱਜ*

ਤੇਜ਼ ਤਰਾਰ ਨਿਗਾਹਾਂ ਵਾਲੀ
ਅੰਦਰੋਂ ਕਾਲੀ ਬਾਹਰੋਂ ਕਾਲੀ
ਢਿੱਡਾਂ ਅੰਦਰ ਭੁੱਖ ਸੰਭਾਲੀ
ਵਿਕਦੀਆਂ ਲੋਥਾਂ ਵੇਖ ਬਾਜ਼ਾਰ
ਉੱਤਰੀ ਗਿਰਝਾਂ ਦੀ ਇਕ ਡਾਰ

ਰੱਤ ਵਿਹੂਣੀ ਜੀਂਦੀ ਲਾਸ਼
ਭੁੱਖਾਂ ਤੀਕਰ ਸੀਂਦੀ ਲਾਸ਼
ਗੁਰਬਤ ਖਾਂਦੀ ਪੀਂਦੀ ਲਾਸ਼
ਸੋਚੇ ਚੋਖਾ ਦਊ ਅਹਾਰ
ਉੱਤਰੀ ਗਿਰਝਾਂ ਦੀ ਇਕ ਡਾਰ

ਟੋਹ ਟੋਹ ਵੇਖੇ ਮਾਸ ਦਾ ਡੱਕਰਾ
ਜੀਕਣ ਕੋਈ ਕਸਾਈ ਬੱਕਰਾ
ਮੁੱਲ ਕਰੇ ਹੱਡਾਂ ਦਾ ਵੱਖਰਾ
ਕਿਸ ਡਿੱਠਾ ਏਹ ਵਿਉਪਾਰ
ਉੱਤਰੀ ਗਿਰਝਾਂ ਦੀ ਇਕ ਡਾਰ

ਸੋਨੇ ਰੰਗੇ ਦੰਦ ਨੁਕੀਲੇ
ਵੱਢ ਵੱਢ ਖਾਂਦੇ ਜੋ ਤਨ ਪੀਲੇ
ਪਰ ਪਿੰਜਰ ਜੀਂਦੇ ਹਰ ਹੀਲੇ
ਤਾਂ ਜੋ ਰੁਕੇ ਕਦੇ ਨਾ ਕਾਰ
ਉੱਤਰੀ ਗਿਰਝਾਂ ਦੀ ਇਕ ਡਾਰ

## ਕੱਲ੍ਹ

ਪੋਤੜਿਆਂ ਵਿਚ ਪਲਦੇ ਸੁਫਨੇ
ਕੁਝ ਅੱਜ ਦੇ ਕੁਝ ਕੱਲ੍ਹ ਦੇ ਸੁਫਨੇ
ਅੰਦਰੋਂ ਅੰਦਰੀ ਬਲਦੇ ਸੁਫਨੇ
ਤੱਕਣ ਕੱਲ੍ਹ ਦੇ ਗਰਭ ਬਹਾਰ
ਜਿਸ ਗਿਰਝਾਂ ਨੂੰ ਦੇਣੀ ਹਾਰ

ਵਰਤਮਾਨ ਦਾ ਰਿਝਣ ਮੁੱਕਣਾ
ਫਿਰ ਨਾ ਬਲਣਾ ਫਿਰ ਨਾ ਧੁਖਣਾ
ਫਿਰ ਨਾ 'ਨੇਰੇ ਅੰਦਰ ਲੁਕਣਾ
ਹੋਣਾ ਚਾਨਣ ਦਾ ਦਰਬਾਰ
ਜਿਸ ਗਿਰਝਾਂ ਨੂੰ ਦੇਣੀ ਹਾਰ

ਹੱਥਾਂ ਦੇ ਹਥਿਆਰ ਬਣਨਗੇ
ਗਿੱਚੀਆਂ ਤੀਕਰ ਜਾ ਫੜਨਗੇ
ਫਿਰ ਜਾਬਰ ਦੇ ਰੋਹ ਢਲਣਗੇ
ਫਿਰ ਲੱਥੇਗਾ ਸਿਰ ਤੋਂ ਭਾਰ
ਜਿਸ ਗਿਰਝਾਂ ਨੂੰ ਦੇਣੀ ਹਾਰ

ਕੱਲ੍ਹ ਨੇ ਸੋਨ ਸੁਨਹਿਰੇ ਹੋਣਾ
ਰੌਸ਼ਨੀਆਂ ਨੇ ਠਹਿਰੇ ਹੋਣਾ
ਰੌਸ਼ਨੀਆਂ ਨੇ ਗਹਿਰੇ ਹੋਣਾ
ਮਿਟ ਜਾਣਾ ਆਖ਼ਰ ਅੰਧਕਾਰ
ਜਿਸ ਗਿਰਝਾਂ ਨੂੰ ਦੇਣੀ ਹਾਰ

•

## ਗੀਤ

ਮੈਂ ਇਹ ਤਨਹਾ ਅੱਗ ਦੇ ਮੌਸਮ
ਕੀਹਦੇ ਲੇਖੇ ਲਾਵਾਂ ਵੇ
ਡਰ ਹੈ ਮੈਨੂੰ ਤੇਰੇ ਬਾਝੋਂ
ਕਿਧਰੇ ਨਾ ਸੜ ਜਾਵਾਂ ਵੇ

ਕੱਚੀ ਨੀਂਦੇ ਉੱਠ ਬਵ੍ਹਾਂ ਮੈਂ
ਰੋਜ਼ ਦਿਹਾੜੀ ਰਾਤਾਂ ਨੂੰ
ਸਮਝ ਪਵੇ ਨਾ ਚੁੱਪ ਕਰਾਵਾਂ
ਕਿੰਝ ਰੋਂਦੇ ਜਜ਼ਬਾਤਾਂ ਨੂੰ
ਆਪਣੇ ਦਿਲ ਤੇ ਤੇਰੇ ਦਿਲ ਦਾ
ਕਹਿਰ ਨਿੱਤ ਹੰਢਾਵਾਂ ਵੇ

ਕੱਲ੍ਹ ਤਕ ਮੈਨੂੰ ਹੋਸ਼ ਨਹੀਂ ਸੀ
ਆਪਣੇ ਤੇ ਬੇਗ਼ਾਨੇ ਦੀ
ਅੱਜ ਲੱਗਦੀ ਹੈ ਵਿਗੜੀ ਵਿਗੜੀ
ਮੈਨੂੰ ਟੋਰ ਜ਼ਮਾਨੇ ਦੀ
ਔਖੇ ਵੇਲੇ ਸੰਗ ਛੱਡ ਜਾਵੇ
ਆਪਣਾ ਵੀ ਪਰਛਾਵਾਂ ਵੇ

ਜਦ ਹੋ ਜਾਵਣ ਪੱਲੜੇ ਭਾਰੀ
ਝੂਠੀਆਂ ਸੱਚੀਆਂ ਰੀਤਾਂ ਦੇ
ਲੱਕੋਂ ਟੁੱਟਦੇ ਸ਼ੋਖ ਜਹੇ ਤਨ
ਹੱਸਦੇ ਗਾਉਂਦੇ ਗੀਤਾਂ ਦੇ
ਪਲ ਛਿਣ ਵਿਚ ਮਾਤਮ ਛਾ ਜਾਂਦਾ
ਵਗਦੀਆਂ ਗਰਮ ਹਵਾਵਾਂ ਦੇ

ਜਾ ਵੇ ਰੱਬਾ ਮੇਰੇ ਵਾਂਗੂੰ
ਹੋਵੇ ਨਾ ਬੇਜ਼ਾਰ ਕੋਈ
ਸੋਚਣ ਬਹਿ ਜਾ ਦਿਨ ਲੰਘ ਜਾਵੇ
ਮੁੱਕੇ ਨਾ ਕੰਮਕਾਰ ਕੋਈ
ਇਕ ਇਕ ਲਮਹਾ ਬਣ ਬਣ ਚੀਸਾਂ
ਜੰਮੇ ਹੌਕੇ ਹਾਵਾਂ ਵੇ

ਪੱਤਝੜ ਜੇਹਾ ਦਵੇ ਨਜ਼ਾਰਾ
ਮੇਰਾ ਚਾਰ ਚੁਫ਼ੇਰਾ ਵੇ
ਮੈਂ ਬੇਦਿਲ ਜਹੀ ਘੁੰਮੀ ਜਾਵਾਂ
ਪਾ ਚੁੰਨੀ ਦਾ ਘੇਰਾ ਵੇ
ਨਾ ਮੁੱਖੜੇ ਦਾ ਰੂਪ ਸੰਵਾਰਾਂ
ਨਾ ਵਾਲਾਂ ਨੂੰ ਵਾਹਵਾਂ ਵੇ

ਤੇਰੇ ਤਾਂ ਹਿਜਰਾਂ ਨੇ ਕੀਤੀ
ਮੱਠੀ ਚਾਲ ਤਰੀਕਾਂ ਦੀ
ਹੁੰਦੀ ਜਾਂਦੀ ਹੋਰ ਲੰਮੇਰੀ
ਸੱਜਣਾਂ ਉਮਰ ਉਡੀਕਾਂ ਦੀ
ਗ਼ੁੱਸੇ ਵਿਚ ਬਨੇਰੇ ਉੱਤੋਂ
ਨਿੱਤ ਨਿੱਤ ਕਾਗ ਉਡਾਵਾਂ ਵੇ

ਧਾਪ ਬਥੇਰੀਆਂ ਸੁੱਖਾਂ ਸੁੱਖੀਆਂ
ਦੀਪ ਜਗਾਏ ਪੀਰਾਂ ਦੇ
ਝੂਠ ਨਿਕਲਿਆ ਤੇਰਾ ਆਉਣਾ
ਚਰਘਲ ਬਣ ਗਏ ਚੀਰਾਂ ਦੇ
ਮੈਂ ਰੋਵਾਂ ਕੁਝ ਏਦਾਂ ਮੇਰੇ
ਅੱਥਰੂ ਕਰਨ ਵਫ਼ਾਵਾਂ ਵੇ

•

## ਗੀਤ

ਹੁੰਦੇ ਇਸ਼ਕ ਦੇ ਵਣਜ ਬੁਰੇ
ਨੀ ਰੱਖ ਸਮਝਾ ਕੇ ਦਿਲ ਨੂੰ
ਏਹਦੇ ਡੰਗੇ ਕਦ ਉਠ ਕੇ ਟੁਰੇ
ਨੀ ਰੱਖ ਸਮਝਾ ਕੇ ਦਿਲ ਨੂੰ

ਦਿਨਾਂ ਵਿਚ ਉੱਡ ਜਾਵੇ ਮੁਖੜੇ ਤੋਂ ਰੰਗ ਨੀ
ਆਸ਼ਕਾਂ ਦੇ ਲਹੂ ਤਾਈਂ ਖਾਵੇ ਅਧਰੰਗ ਨੀ
ਕੋਈ ਵੈਦ ਨਾ ਹਕੀਮ ਜੁੜੇ
ਨੀ ਰੱਖ ਸਮਝਾ ਕੇ ਦਿਲ ਨੂੰ

ਛੱਤ ਉੱਤੇ ਤਾਰਿਆਂ ਨੂੰ ਵੇਖੀਂ ਜਾਣਾ ਲੇਟਿਆਂ
ਨੀਂਦਾਂ ਦੀਆਂ ਲੋਥਾਂ ਤਾਈਂ ਰੱਖਣਾ ਸਮੇਟਿਆਂ
ਰਹਿਣ ਖ਼ਾਬਾਂ ਦੇ ਵਜੂਦ ਥੁੜੇ
ਨੀ ਰੱਖ ਸਮਝਾ ਕੇ ਦਿਲ ਨੂੰ

ਮਟਕ ਮਟਕ ਪੀੜਾਂ ਦਿਲ ਵੱਲ ਆਉਂਦੀਆਂ
ਖ਼ੁਸ਼ੀਆਂ ਦੇ ਨਾਲ ਝਟ ਗ਼ਮਾਂ ਨੂੰ ਵਟਾਉਂਦੀਆਂ
ਹੱਥ ਖ਼ਾਲੀ ਕਦ ਏਨ੍ਹਾਂ ਦੇ ਮੁੜੇ
ਨੀ ਰੱਖ ਸਮਝਾ ਕੇ ਦਿਲ ਨੂੰ

ਪੈਰ ਪੈਰ ਖੁਲ੍ਹਦੀ ਏ ਜ਼ਿਕਰਾਂ ਦੀ ਪੰਡ ਨੀ
ਵੇਖਦੇ ਤਮਾਸ਼ਾ ਲੋਕੀ ਖੋਲ੍ਹ ਖੋਲ੍ਹ ਗੰਢ ਨੀ
ਝੱਟ ਚਰਚਾ ਤੇ ਚਰਚਾ ਉੜੇ
ਨੀ ਰੱਖ ਸਮਝਾ ਕੇ ਦਿਲ ਨੂੰ

'ਧਾਪ' ਇਹ ਨਾ ਸੋਚੀਂ ਅਸੀਂ ਹੋਏ ਮੁਨਕਰ ਆਂ
ਸੋਚ ਤੇਰਾ ਕੱਲ੍ਹ ਸੱਚੀਂ-ਮੁੱਚੀਂ ਗਏ ਡਰ ਆਂ
ਸਾਨੂੰ ਦਿਸਦੇ ਨਸੀਬ ਖੁਰੇ
ਨੀ ਰੱਖ ਸਮਝਾ ਕੇ ਦਿਲ ਨੂੰ

•

## ਗੀਤ

ਚੇਤਿਆਂ ਦੇ ਗਲ ਲੱਗ ਲੁੱਕ ਲੁੱਕ ਰੋਣ ਦਾ
ਮੈਨੂੰ ਵੀ ਹੱਕ ਯਾਰੋ ਇੰਜ ਖ਼ੁਸ਼ ਹੋਣ ਦਾ
ਆਪ ਹੀ ਸਹੇੜੇ ਸਾਰੇ ਗ਼ਮਾਂ ਨਾਲ ਯਾਰੀਆਂ
ਸੱਚ ਜਾਣੋ ਦੋਸਤੋ ਮੈਂ ਕਦੇ ਨਹੀਂ ਵਸਾਰੀਆਂ
ਕਦੇ ਵੀ ਨੀ ਦਾਵਾ ਕੀਤਾ ਖ਼ੁਸ਼ੀਆਂ ਪਰੋਣ ਦਾ

ਅੱਖੀਆਂ ਤੇ ਹੰਝੂਆਂ ਦੀ ਸਾਂਝ ਜਾਵੇ ਡਰ ਨਾ
ਸਮਿਆਂ ਦੀ ਧੂੜ ਕਿਤੇ ਮੈਲਾ ਦੇਵੇ ਕਰ ਨਾ
ਸਿੱਖਿਆ ਸਲੀਕਾ ਥੋੜ੍ਹਾ ਇਨ੍ਹਾਂ ਤਾਈਂ ਧੋਣ ਦਾ

ਇਕ ਤਕਦੀਰ ਵਾਲੀ ਚੁੱਪ ਰਹੀ ਤਾੜਦੀ
ਦੂਸਰਾ ਹਕੀਕਤਾਂ ਦੀ ਅੱਗ ਰਹੀ ਸਾੜਦੀ
ਮੇਰੇ ਕੋਲ ਕੰਮ ਰਿਹਾ ਵਾਰੀ ਵਾਰੀ ਢੋਣ ਦਾ

ਵੇਲਿਆਂ ਦੀ ਗੱਲ ਇਕ ਦਸਤਕ ਹੋਈ ਸੀ
ਕੁੰਡਾ ਖੋਲ੍ਹ ਵੇਖਿਆ ਬਹਾਰ ਜਹੀ ਕੋਈ ਸੀ
ਸਿਲਸਿਲਾ ਸ਼ੁਰੂ ਹੋਇਆ ਪੱਤਝੜ ਬੋਣ ਦਾ

'ਧਾਪ' ਇਹ ਉਦਾਸੀਆਂ ਦੇ ਸ਼ੌਂਕ ਵਾਲੀ ਗੱਲ ਨਹੀਂ
ਰੱਬ ਦੀ ਸਹੁੰ ਅੱਜ ਤਕ ਮਿਲਿਆ ਈ ਹੱਲ ਨਹੀਂ
ਚੱਜ ਵੀ ਨੀ ਆਇਆ ਦੁੱਖ ਦਿਲ ਦੇ ਲੁਕੋਣ ਦਾ

•

## ਗੀਤ

ਬੜਾ ਚਿਰ ਲਾਇਆ ਅਸਾਂ ਖ਼ੁਸ਼ੀਆਂ ਪਰੋਣ ਨੂੰ
ਵੇਖਿਆ ਨਾ ਲਾ ਦਿਓ ਪੰਜਾਬ ਮੁੜ ਰੋਣ ਨੂੰ

ਤਨ 'ਤੇ ਹੰਢਾਏ ਡਾਢੇ ਸਮਿਆਂ ਦੇ ਸੇਕ ਨੇ
ਹਾਲੇ ਤਾਈਂ ਦਾਗ਼ ਸਾਡੇ ਪਿੰਡੇ 'ਤੇ ਅਨੇਕ ਨੇ
ਪੀੜਾਂ ਦੀਆਂ ਪੰਡਾਂ ਫਿਰ ਦੇ ਦਿਉ ਨਾ ਢੋਣ ਨੂੰ

ਮਸਾਂ ਮਸਾਂ ਚੇਹਰਿਆਂ ਤੋਂ ਚੁੱਪੀਆਂ ਵਸਾਰੀਆਂ
ਮਸਾਂ ਮਸਾਂ ਵੇਹੜਿਆਂ 'ਚ ਰੌਣਕਾਂ ਉਤਾਰੀਆਂ
ਤਰਸ ਗਏ ਸਾਂ ਅਸੀਂ ਕਹਿਕਹਿਆਂ ਦੇ ਹੋਣ ਨੂੰ

ਢੋਲ ਤੇ ਢਮੱਕਿਆਂ ਦੀ ਗੂੰਜ ਚੁੱਪ-ਚਾਪ ਸੀ
ਭੰਗੜਿਆਂ ਗਿੱਧਿਆਂ ਨੂੰ ਚੜ੍ਹ ਗਿਆ ਤਾਪ ਸੀ
ਹੋਏ ਮਜਬੂਰ ਅਸੀਂ ਕਿੱਕਲੀ ਲੁਕੋਣ ਨੂੰ

ਪੌਣਾਂ ਥਾਏਂ ਸਾਹਾਂ ਵਿਚ ਘੁੰਮਦੇ ਹਾਲਤ ਰਹੇ
ਸਹਿਮਿਆ ਵਜੂਦ ਰਿਹਾ ਸਹਿਮੇ ਜਜ਼ਬਾਤ ਰਹੇ
ਚਿੱਤ ਕੀਹਦਾ ਕਰਦਾ ਸੀ ਕੱਲਿਆਂ ਖਲੋਣ ਨੂੰ

ਦਿਲਾਂ 'ਚ ਮੁਹੱਬਤਾਂ ਦੀ ਵਗਦੀ ਫੁਹਾਰ ਹੈ
ਗੁਰੂਆਂ ਦੀ ਧਰਤੀ ਇਹ ਜੰਮਦੀ ਪਿਆਰ ਹੈ
ਕਿਸੇ ਕੋਲ ਵੇਹਲ ਨਹੀਂ ਨਫ਼ਰਤ ਬੋਣ ਨੂੰ

•